Washington Office of Superintendent of
PUBLIC INSTRUCTION

# ਲਾਗੂਕਰਣ ਗਾਈਡ: ਡਿਸਲੈਕਸੀਆ ਦੀ ਸ਼ੁਰੂਆਤੀ ਸਕ੍ਰੀਨਿੰਗ

**2020**

# ਲਾਗੂਕਰਣ ਗਾਈਡ: ਡਿਸਲੈਕਸੀਆ ਦੀ ਸ਼ੁਰੂਆਤੀ ਸਕ੍ਰੀਨਿੰਗ

**2020**


**Glenna Gallo, M.S., M.B.A.**
**ਵਿਸ਼ੇਸ਼ ਸਿਖਲਾਈ ਦੀ ਅਸਿਸਟੈਂਟ ਸੁਪਰਡੈਂਟ**

**Kathe Taylor, Ph.D.**
**ਸਿਖਲਾਈ ਅਤੇ ਅਧਿਆਪਨ ਦੀ ਅਸਿਸਟੈਂਟ ਸੁਪਰਡੈਂਟ**

**ਇਹਨਾਂ ਵੱਲੋਂ ਤਿਆਰ ਕੀਤਾ ਗਿਆ:**

- **Aira Jackson**, ਅੰਗਰੇਜ਼ੀ ਭਾਸ਼ਾ ਕਲਾ ਅਤੇ ਸਾਖਰਤਾ ਡਾਇਰੈਕਟਰ
  aira.jackson@k12.wa.us | 360-725-6228
- **Benjamin Everett**, ਅੰਗਰੇਜ਼ੀ ਭਾਸ਼ਾ ਕਲਾ ਪ੍ਰਸ਼ਾਸਕੀ ਅਸਿਸਟੈਂਟ
  ben.everett@k12.wa.us | 360-725-6064
- **Dr. Alicia Roberts Frank**, ਖਾਸ ਪ੍ਰੋਗਰਾਮਾਂ ਲਈ ਖੇਤਰੀ ਪ੍ਰਸ਼ਾਸਕ/ਡਿਸਲੈਕਸੀਆ ਮਾਹਰ Capital Region Educational Service District 113
  arobertsfrank@esd113.org | 360-464-6843



Washington Office of Superintendent of
PUBLIC INSTRUCTION

# ਡਿਸਲੈਕਸੀਆ ਐਡਵਾਈਜਰੀ ਕਾਉਂਸਿਲ ਵੱਲੋਂ ਲਿਖਿਆ ਗਿਆ

**Dr. Alicia Roberts Frank**
Capital Region ESD 113
ਡਿਸਲੈਕਸ਼ੀਆ ਮਾਹਰ ਪ੍ਰਤੀਨਿਧੀ

**Andrea Archer**
International Dyslexia Association
ਗ਼ੈਰ-ਲਾਭ ਪ੍ਰਤੀਨਿਧੀ

**Angie Withers**
Richland School District
ਸਕੂਲ ਮਨੋਵਿਗਿਆਨਕ ਪ੍ਰਤੀਨਿਧੀ

**Annie Pennell**
Office of Superintendent of Public Instruction (OSPI)
ਸਿਖਲਾਈ ਸਹਾਇਤਾ ਪ੍ਰੋਗਰਾਮ ਪ੍ਰਤੀਨਿਧੀ

**Barb Casey**
Prospect Point Elementary
ਵਿਸ਼ੇਸ਼ ਸਿੱਖਿਆ ਪ੍ਰਤੀਨਿਧੀ

**Effie Triol**
ESD 112
ਸਾਖਰਤਾ ਕੋਆਰਡੀਨੇਟਰ ਪ੍ਰਤੀਨਿਧੀ

**Elizabeth Sorby**
Private Practice
ਸਕੂਲ ਮਨੋਵਿਗਿਆਨਕ ਪ੍ਰਤੀਨਿਧੀ

**Heather Awbery**
West Valley School
ਜ਼ਿਲ੍ਹਾ ਪ੍ਰਸ਼ਾਸਨ ਪ੍ਰਤੀਨਿਧੀ

**Hilary Conville**
Auburn School District
ਵਿਸ਼ੇਸ਼ ਸਿੱਖਿਆ ਪ੍ਰਤੀਨਿਧੀ

**Dr. Jennifer McDonald**
Steilacoom School District
ਸਕੂਲ ਬੋਰਡ ਪ੍ਰਤੀਨਿਧੀ

**Jennifer Sicilia**
Spokane School District
ਮਾਪਾ ਅਤੇ ਅਧਿਆਪਕ ਪ੍ਰਤੀਨਿਧੀ

**Jey Buno**
Evergreen Public Schools
ਸਕੂਲ ਮਨੋਵਿਗਿਆਨਕ ਪ੍ਰਤੀਨਿਧੀ

**Jodi Kinzel**
Bellingham School District
ਸਾਖਰਤਾ ਮਾਹਰ ਪ੍ਰਤੀਨਿਧੀ

**Julie Savelesky**
Camas School District
ਐਲੀਮੈਂਟਰੀ ਸਕੂਲ ਪ੍ਰਤੀਨਿਧੀ

**Justyn Poulos**
OSPI
MTSS ਪ੍ਰਤੀਨਿਧੀ

**Karma Hugo**
OSPI
ਸ਼ੁਰੂਆਤੀ ਸਿਖਲਾਈ ਪ੍ਰਤੀਨਿਧੀ

**Kathleen Rice**
ਸੁਤੰਤਰ ਕਾਂਟ੍ਰੈਕਟਰ
ਸਾਖਰਤਾ ਕੋਆਰਡੀਨੇਟਰ ਪ੍ਰਤੀਨਿਧੀ

**Lauren Barkley**
Ferndale School District
ਐਲੀਮੈਂਟਰੀ ਸਕੂਲ ਪ੍ਰਤੀਨਿਧੀ

**Dr. LaWonda Smith**
Muckleshoot Tribal School
ਸਾਖਰਤਾ ਮਾਹਰ ਪ੍ਰਤੀਨਿਧੀ

**Liz Coon**
Seattle Public Schools
ਐਲੀਮੈਂਟਰੀ ਸਕੂਲ ਪ੍ਰਤੀਨਿਧੀ

**Liz Stewart**
OSPI
ਵਿਸ਼ੇਸ਼ ਸਿੱਖਿਆ ਪ੍ਰਤੀਨਿਧੀ

**Dr. Marsha Riddle Buly**
Western Washington University
ਅੰਗਰੇਜ਼ੀ ਭਾਸ਼ਾ ਸਿਖਿਆਰਥੀ ਪ੍ਰਤੀਨਿਧੀ

**Mary Waldron**
Puget Sound ESD 121
ਅੰਗਰੇਜ਼ੀ ਭਾਸ਼ਾ ਕੋਆਰਡੀਨੇਟਰ ਪ੍ਰਤੀਨਿਧੀ

**Dr. Michael Dunn**
Washington State University Vancouver
ਡਿਸਲੈਕਸੀਆ ਮਾਹਰ ਪ੍ਰਤੀਨਿਧੀ

**Michelle Lewis**
Sumner School District
ਪ੍ਰਸ਼ਾਸਨ ਪ੍ਰਤੀਨਿਧੀ

**Dr. Molly Branson Thayer**
University of Washington
ਉੱਚ ਸਿੱਖਿਆ ਪ੍ਰਤੀਨਿਧੀ

**Morgan Sampson**
OSPI ਵਿਦਿਆਰਥੀ ਸੂਚਨਾ ਪ੍ਰਤੀਨਿਧੀ

**Nova Williams**
Mercer Island School District
ਸਕੂਲ ਪ੍ਰਸ਼ਾਸਨ ਪ੍ਰਤੀਨਿਧੀ

**Patricia Beuke**
Olympic ESD 114
ਸਾਖਰਤਾ ਕੋਆਰਡੀਨੇਟਰ ਪ੍ਰਤੀਨਿਧੀ

**Patsy Guglielmino**
Colville School District
ਜ਼ਿਲ੍ਹਾ ਪ੍ਰਸ਼ਾਸਨ ਪ੍ਰਤੀਨਿਧੀ

**Sara Buetow**
Decoding Dyslexia
ਡਿਸਲੈਕਸੀਆ ਗ਼ੈਰ-ਲਾਭ ਪ੍ਰਤੀਨਿਧੀ

**Shannon Criss**
Boistfort School District
ਪੇਂਡੂ ਸਕੂਲ ਸੁਪਰਡੈਂਟ ਪ੍ਰਤੀਨਿਧੀ

**Shauna L Schmerer**
Almira School District
ਸੁਪਰਡੈਂਟ ਪ੍ਰਤੀਨਿਧੀ

**Shelley O'Dell**
Shelton Public Schools
ਸਾਖਰਤਾ ਮਾਹਰ ਪ੍ਰਤੀਨਿਧੀ

**Suzanne Ender**
ਮਾਪਾ ਪ੍ਰਤੀਨਿਧੀ

**Dr. Yoshiko Schulz**
University Place School District
ਅੰਗਰੇਜ਼ੀ ਭਾਸ਼ਾ ਸਿਖਿਆਰਥੀ ਪ੍ਰਤੀਨਿਧੀ

# ਵਿਸ਼ਾ ਸੂਚੀ

ਲਾਗੂਕਰਣ ਗਾਈਡ ਦਾ ਉਦੇਸ਼ ..... 5
ਡਿਸਲੈਕਸੀਆ ਦੀ ਸ਼ੁਰੂਆਤੀ ਸਕ੍ਰੀਨਿੰਗ ਸਬੰਧੀ ਕਨੂੰਨ ..... 5
ਅਕਾਦਮਿਕ ਸਕ੍ਰੀਨਿੰਗ ਟੂਲਸ ਨੂੰ ਸਮਝਣਾ ..... 7
ਡਿਸਲੈਕਸੀਆ ਤੱਥ ਪੱਤਰ ..... 8
ਬਿਹਤਰ ਪੱਧਤੀਆਂ: ਸਕੂਲ ਅਤੇ ਜ਼ਿਲ੍ਹਾ ਪ੍ਰਸ਼ਾਸਕ ..... 11
ਬਿਹਤਰ ਪੱਧਤੀਆਂ: ਸਿੱਖਿਅਕ ..... 14
ਅਕਾਦਮਿਕ ਸਕ੍ਰੀਨਿੰਗ ਨੂੰ ਸਮਝਣਾ: ਮਾਪੇ ਅਤੇ ਪਰਿਵਾਰ। ..... 16
ਕਨੂੰਨੀ ਨੋਟਿਸ ..... 19

# ਲਾਗੂਕਰਣ ਗਾਈਡ ਦਾ ਉਦੇਸ਼

ਇਹ ਗਾਈਡ, ਪਤਝੜ 2021 ਵਿੱਚ ਸ਼ੁਰੂ ਹੋਣ ਵਾਲੀ, ਡਿਸਲੈਕਸੀਆ ਦੀ ਸ਼ੁਰੂਆਤੀ ਸਕ੍ਰੀਨਿੰਗ ਸਬੰਧੀ ਕਨੂੰਨ ਦੀਆਂ ਸੰਭਾਵਨਾਵਾਂ ਨੂੰ ਲਾਗੂ ਕਰਨ ਵਿੱਚ, Washington ਸਕੂਲ ਜ਼ਿਲ੍ਹਿਆਂ ਨੂੰ ਸਹਿਯੋਗ ਕਰਨ ਲਈ, ਡਿਸਲੈਕਸੀਆ ਐਡਵਾਈਜਰੀ ਕਾਉਂਸਿਲ (DAC) ਵੱਲੋਂ ਤਿਆਰ ਕੀਤੀ ਗਈ

**ਡਿਸਲੈਕਸੀਆ ਦੀ ਸ਼ੁਰੂਆਤੀ ਸਕ੍ਰੀਨਿੰਗ ਸਬੰਧੀ ਕਨੂੰਨ ਅਤੇ ਡਿਸਲੈਕਸੀਆ ਐਡਵਾਈਜਰੀ ਕਾਉਂਸਿਲ ਦੇ ਕੰਮ ਬਾਰੇ ਹੋਰ ਜਾਣਨ ਲਈ, OSPI ਦੇ "ਡਿਸਲੈਕਸੀਆ ਨੂੰ ਸਮਝਣਾ (Understanding Dyslexia)" ਵੈਬਪੇਜ ਤੇ ਜਾਓ।**

DAC ਵੱਲੋਂ ਪ੍ਰਦਾਨ ਮਾਰਗਦਰਸ਼ਨ, ਸਬੂਤ-ਅਧਾਰਤ ਵਸੀਲੇ ਅਤੇ ਬਿਹਤਰ ਪੱਧਤੀਆਂ ਸ਼ਾਮਲ ਕਰਦਾ ਹੈ, ਜਿਹਨਾਂ ਨੂੰ Washington ਸਕੂਲ ਜ਼ਿਲ੍ਹਿਆਂ ਵਵੱਲੋਂ ਵਰਤੇ ਜਾਣ ਵਾਲੇ ਪਾਠਕ੍ਰਮ ਅਤੇ ਮੁਲਾਂਕਣ ਮੰਨਣਾ ਹੈ ਕਿ ਸਿਫ਼ਾਰਿਸ਼ ਕੀਤੀਆਂ ਇਹ ਪੱਧਤੀਆਂ, ਸਾਰੇ ਵਿਦਿਆਰਥੀਆਂ ਨੂੰ ਉਹਨਾਂ ਦੇ ਪੜ੍ਹਨ ਅਤੇ ਸਾਖਰਤਾ ਵਿਕਾਸ ਵਿੱਚ ਸਹਿਯੋਗ ਕਰਨ ਲਈ ਸਿੱਖਿਅਕਾਂ ਅਤੇ ਸਕਲ ਜ਼ਿਲ੍ਹਿਆਂ ਦੇ ਲਾਗਕਰਣ ਯਤਨਾਂ ਵਿੱਚ ਵਾਧਾ ਕਰਨਗੀਆਂ।

# ਡਿਸਲੈਕਸੀਆ ਦੀ ਸ਼ੁਰੂਆਤੀ ਸਕ੍ਰੀਨਿੰਗ ਸਬੰਧੀ ਕਨੂੰਨ

## ਡਿਸਲੈਕਸੀਆ ਦੀ ਪਰਿਭਾਸ਼ਾ

ਡਿਸਲੈਕਸੀਆ ਇੱਕ ਖ਼ਾਸ ਸਿਖਲਾਈ ਵਿਗਾੜ ਹੈ, ਜੋ ਮੂਲ ਰੂਪ ਨਾਲ ਨਿਊਰੋਲੋਜੀਕਲ ਹੈ ਅਤੇ ਇਸਦਾ ਵਰਣਨ ਸਹੀ ਜਾਂ ਪ੍ਰਵਾਹ ਨਾਲ ਸ਼ਬਦ ਪਛਾਣ ਵਿੱਚ ਅਣਪਛਾਤੀਆਂ ਮੁਸ਼ਕਲਾਂ ਅਤੇ ਕਮਜ਼ੋਰ ਸਪੈਲਿੰਗ ਅਤੇ ਡੀਕੋਡਿੰਗ ਯੋਗਤਾਵਾਂ ਨਾਲ ਕੀਤਾ ਜਾਂਦਾ ਹੈ, ਜੋ ਵਿਅਕਤੀ ਦੀ ਅਕਲ, ਪ੍ਰੇਰਨਾ ਅਤੇ ਸੰਵੇਦੀ ਸਮਰਥਤਾਵਾਂ ਦੇ ਅਨੁਕੂਲ ਨਹੀਂ ਹੁੰਦੀਆਂ। ਇਹ ਮੁਸ਼ਕਲਾਂ ਆਮ ਤੌਰ ਤੇ, ਭਾਸ਼ਾ ਦੇ ਫੋਨੋਲੋਜੀਕਲ ਤੱਤਾਂ ਵਿੱਚ ਕਮੀ ਦੇ ਨਤੀਜੇ ਵਜੋਂ ਹੁੰਦੀਆਂ ਹਨ, ਜੋ ਅਕਸਰ ਹੋਰ ਬੌਧਿਕ ਯੋਗਤਾਵਾਂ ਦੇ ਸਬੰਧ ਵਿੱਚ ਅਣਪਛਾਤੀਆਂ ਹੁੰਦੀਆਂ ਹਨ। ਸੈਕੰਡਰੀ ਨਤੀਜਿਆਂ ਵਿੱਚ ਸ਼ਾਮਲ ਹੋ ਸਕਦੇ ਹਨ, ਸਮਝ ਕੇ ਪੜ੍ਹਨ ਵਿੱਚ ਸਮੱਸਿਆਵਾਂ ਅਤੇ ਘਟਿਆ ਹੋਇਆ ਰੀਡਿੰਗ ਅਨੁਭਵ, ਜੋ ਸ਼ਬਦਾਵਲੀ ਅਤੇ ਪਿਛੋਕੜ ਗਿਆਨ ਦੇ ਵਾਧੇ ਨੂੰ ਰੋਕ ਸਕਦਾ ਹੈ (ਸੀਨੇਟ ਬਿਲ 6162 (2018))।

## ਡਿਸਲੈਕਸੀਆ ਐਡਵਾਈਜਰੀ ਕਾਉਂਸਿਲ

"ਪਬਲਿਕ ਇੰਸਟ੍ਰਕਸ਼ਨ ਸੁਪਰਡੈਂਟ, ਅਕਾਦਮਿਕ ਚੁਗਿਰਦੇ ਵਿੱਚ ਡਿਸਲੈਕਸੀਆ ਨਾਲ ਸਬੰਧਤ ਮੁੱਦਿਆਂ ਤੇ ਸੁਪਰਡੈਂਟ ਨੂੰ ਸਲਾਹ ਦੇਣ ਲਈ ਡਿਸਲੈਕਸੀਆ ਐਡਵਾਈਜਰੀ ਕਾਉਂਸਿਲ ਨੂੰ ਮਿਲਣਗੇ। ਕਾਉਂਸਿਲ ਲਈ ਇੱਛੁਕ ਸਟੇਕਹੋਲਡਰਾਂ ਨੂੰ ਸ਼ਾਮਲ ਕਰਨਾ ਲਾਜ਼ਮੀ ਹੈ, ਜਿਹਨਾਂ ਵਿੱਚ ਸ਼ਾਮਲ ਹਨ, ਪਰੰਤੂ ਇਹਨਾਂ ਤੱਕ ਸੀਮਿਤ ਨਹੀਂ ਹਨ, ਸਾਖਰਤਾ ਅਤੇ ਡਿਸਲੈਕਸੀਆ ਮਾਹਰ, ਵਿਸ਼ੇਸ਼ ਸਿੱਖਿਆ ਮਾਹਰ, ਪ੍ਰਾਈਮਰੀ ਸਕੂਲ ਦੇ ਅਧਿਆਪਕ, ਸਕੂਲ ਪ੍ਰਸ਼ਾਸਕ, ਸਕੂਲ ਮਨੋਵਿਗਿਆਨਕ, ਸਕੂਲ ਬੋਰਡਾਂ ਦੇ ਪ੍ਰਤੀਨਿਧੀ, ਡਿਸਲੈਕਸੀਆ ਵਿੱਚ ਮੁਹਾਰਤ ਵਾਲੇ ਗ਼ੈਰ-ਲਾਭ ਸੰਗਠਨਾਂ ਦੇ ਪ੍ਰਤੀਨਿਧੀ ਕਾਉਂਸਿਲ ਦੇ ਮੈਂਬਰਾਂ ਲਈ ਬਿਨਾਂ ਮੁਆਵਜ਼ੇ ਦੇ ਸੇਵਾ ਦੇਣਾ ਲਾਜ਼ਮੀ ਹੈ।

1 ਜੂਨ, 2019 ਤੱਕ, ਕਾਉਂਸਿਲ ਲਈ ਸਕ੍ਰੀਨਿੰਗ ਟੂਲਸ ਅਤੇ ਵਸੀਲਿਆਂ ਦੀ ਪਛਾਣ ਅਤੇ ਵਰਣਨ ਕਰਨਾ ਲਾਜ਼ਮੀ ਹੈ, ਜੋ ਵੈਧਤਾ ਅਤੇ ਭਰੋਸੇਯੋਗਤਾ ਦੇ ਚਿੰਤਨਾਂ ਸਮੇਤ, ਵਿਕਾਸ ਸਬੰਧੀ ਅਤੇ ਅਕਾਦਮਿਕ ਮਾਪਦੰਡ ਨੂੰ ਪੂਰਾ ਕਰਦੇ ਹੋਣ, ਜੋ ਬੱਚੇ ਦੇ ਆਮ ਨਿਊਰੋਲੋਜੀਕਲ ਵਿਕਾਸ ਨੂੰ ਧਿਆਨ ਵਿੱਚ ਰੱਖਦੇ ਹੋਏ, ਆਮ ਸਾਖਰਤਾ ਵਿਕਾਸ ਜਾਂ ਡਿਸਲੈਕਸੀਆ ਦਾ ਸੰਕੇਤ ਦਿੰਦੇ ਹੋਣ ਅਤੇ ਇਸ ਜਾਣਕਾਰੀ ਦੀ ਰਿਪੋਰਟ, ਪਬਲਿਕ ਇੰਸਟ੍ਰਕਸ਼ਨ ਸੁਪਰਡੈਂਟ ਨੂੰ ਦੇਣ।

1 ਜੂਨ, 2020 ਤੱਕ, ਕਾਉਂਸਿਲ ਲਈ ਇਹਨਾਂ ਦੇ ਸਬੰਧ ਵਿੱਚ ਸਿਫ਼ਾਰਿਸ਼ਾਂ ਵਿਕਸਿਤ ਕਰਨਾ ਅਤੇ ਪਬਲਿਕ ਇੰਸਟ੍ਰਕਸ਼ਨ ਸੁਪਰਡੈਂਟ ਨੂੰ ਰਿਪੋਰਟ ਕਰਨਾ ਲਾਜ਼ਮੀ ਹੈ:

a) ਸਕੂਲ ਜ਼ਿਲ੍ਹਾ ਵੱਲੋਂ ਸਕ੍ਰੀਨਿੰਗਾਂ ਦੇ ਲਾਗੂਕਰਣ ਲਈ ਬਿਹਤਰ ਪੱਧਤੀਆਂ, ਜਿਵੇਂ ਸਕ੍ਰੀਨਿੰਗਾਂ ਕਰਨ ਵਾਲੇ ਸਕੂਲ ਜ਼ਿਲ੍ਹਾ ਸਟਾਫ਼ ਲਈ ਟ੍ਰੇਨਿੰਗਾਂ ਸਮੇਤ, ਇਸ ਅਧਿਨਿਯਮ ਦੇ ਸੈਕਸ਼ਨ 2 ਹੇਠ ਲੋੜੀਂਦਾ ਹੈ;

b) ਵਿਦਿਆਰਥੀਆਂ ਦੇ ਕਮਜ਼ੋਰੀ ਵਾਲੇ ਖੇਤਰਾਂ ਨੂੰ ਟੀਚਾ ਬਣਾਉਂਦੇ ਹੋਏ ਖਾਸ ਤੌਰ ਤੇ ਪੜ੍ਹਾਈ ਸਬੰਧੀ ਵਿਧੀਆਂ ਵਿੱਚ ਸਕੂਲ ਜ਼ਿਲ੍ਹਾ ਸਟਾਫ਼ ਲਈ ਟ੍ਰੇਨਿੰਗਾਂ ਸਮੇਤ, ਦਖ਼ਲ ਪ੍ਰਦਾਨ ਕਰਨ ਵਿੱਚ ਸਹਿਯੋਗ ਦੇ ਕਈ ਪਰਤਾਂ ਵਾਲੇ ਸਿਸਟਮ ਵਰਤਦੇ ਹੋਏ ਬਿਹਤਰ ਪੱਧਤੀਆਂ, ਜਿਵੇਂ ਕਿ ਇਸ ਅਧਿਨਿਯਮ ਦੇ ਸੈਕਸ਼ਨ 2 ਹੇਠ ਲੋੜੀਂਦਾ ਹੈ;

c) ਡਿਸਲੈਕਸੀਆ ਨਾਲ ਸਬੰਧਤ ਮਾਪਿਆਂ ਅਤੇ ਪਰਿਵਾਰਾਂ ਲਈ ਨਮੂਨਾ ਸਿੱਖਿਆ ਸਬੰਧੀ ਜਾਣਕਾਰੀ, ਜਿਸ ਵਿੱਚ ਮਾਪਿਆਂ ਦੇ ਸਹਿਯੋਗ ਲਈ ਵਸੀਲਿਆਂ ਦੀ ਸੂਚੀ ਹੋਵੇ; ਅਤੇ
d) ਗ੍ਰੇਡ ਦੋ ਤੋਂ ਉੱਤੇ ਵਾਲੇ ਵਿਦਿਆਰਥੀਆਂ ਦੀਆਂ ਲੋੜਾਂ ਦਾ ਪਤਾ ਲਗਾਉਣ ਲਈ ਬਿਹਤਰ ਪੱਧਤੀਆਂ, ਜੋ ਡਿਸਲੈਕਸੀਆ ਨਾਲ ਜੁੜੀਆਂ ਕਮਜ਼ੋਰੀਆਂ ਦਾ ਜਾਂ ਇਸਦੇ ਖੇਤਰਾਂ ਦਾ ਸੰਕੇਤ ਦਿੰਦੀਆਂ ਹੋਣ।" (ਵਾਸ਼ਿੰਗਟਨ ਦਾ ਸੰਸ਼ੋਧਿਤ ਕੋਡ (Revised Code of Washington - RCW) 28A.300.710)

## ਗ੍ਰੇਡਸ K–2 ਵਿੱਚ ਸ਼ੁਰੂਆਤੀ ਸਕ੍ਰੀਨਿੰਗ

“1 ਸਤੰਬਰ, 2019 ਤੱਕ, ਪਬਲਿਕ ਇੰਸਟ੍ਰਕਸ਼ਨ ਸੁਪਰਡੈਂਟ ਨੇ, RCW 28A.300.710 ਹੇਠ ਬੁਲਾਈ ਗਈ ਡਿਸਲੈਕਸੀਆ ਐਡਵਾਈਜਰੀ ਕਾਉਂਸਿਲ ਦੀਆਂ ਸਿਫ਼ਾਰਿਸਾਂ ਤੇ ਵਿਚਾਰ ਕਰਨ ਤੋਂ ਬਾਅਦ, ਸਕ੍ਰੀਨਿੰਗ ਟੂਲਸ ਅਤੇ ਵਸੀਲਿਆਂ ਦੀ ਪਛਾਣ ਕਰਨਾ ਲਾਜ਼ਮੀ ਹੈ, ਜੋ ਘੱਟੋ-ਘੱਟ ਇਹਨਾਂ ਪੱਧਤੀਆਂ ਨੂੰ ਪੂਰਾ ਕਰਦੇ ਹੋਣ:

a) ਵੈਧਤਾ ਅਤੇ ਭਰੋਸੇਯੋਗਤਾ ਦੇ ਚਿੰਤਨਾਂ ਸਮੇਤ, ਵਿਕਾਸ ਸਬੰਧੀ ਅਤੇ ਅਕਾਦਮਿਕ ਮਾਪਦੰਡ ਨੂੰ ਪੂਰਾ ਕਰਨ ਲਈ, ਜੋ ਬੱਚੇ ਦੇ ਆਮ ਨਿਊਰੋਲੋਜੀਕਲ ਵਿਕਾਸ ਨੂੰ ਧਿਆਨ ਵਿੱਚ ਰੱਖਦੇ ਹੋਏ, ਆਮ ਸਾਖਰਤਾ ਵਿਕਾਸ ਜਾਂ ਡਿਸਲੈਕਸੀਆ ਦਾ ਸੰਕੇਤ ਦਿੰਦੇ ਹੋਣ; ਅਤੇ
b) ਕਮਜ਼ੋਰੀ ਦੇ ਸੰਕੇਤਕਾਂ ਅਤੇ ਖੇਤਰਾਂ ਨੂੰ ਪਛਾਣਨ ਲਈ, ਜੋ ਭਵਿੱਖ ਵਿੱਚ ਰੀਡਿੰਗ ਸਬੰਧੀ ਮੁਸ਼ਕਲ ਦੇ ਬਹੁਤ ਜ਼ਿਆਦਾ ਪੂਰਵ ਸੂਚਕ ਹੋਣ, ਜਿਸ ਵਿੱਚ ਸ਼ਾਮਲ ਹਨ, ਫੋਨੋਲੋਜੀਕਲ ਸੁਚੇਤਤਾ, ਫੋਨੈਮਿਕ ਸੁਚੇਤਤਾ, ਜਲਦੀ-ਜਲਦੀ ਨਾਮ ਦੇਣ ਦੀਆਂ ਕੁਸ਼ਲਤਾਵਾਂ, ਅੱਖਰ ਧੁਨੀ ਗਿਆਨ, ਅਤੇ ਰੀਡਿੰਗ ਅਤੇ ਭਾਸ਼ਾ ਗ੍ਰਹਿਣ ਸਬੰਧੀ ਮੁਸ਼ਕਲ ਦਾ ਪਰਿਵਾਰਕ ਇਤਿਹਾਸ। 1 ਸਤੰਬਰ, 2019 ਤੋਂ ਸ਼ੁਰੂ ਕਰਦੇ ਹੋਏ, ਪਬਲਿਕ ਇੰਸਟ੍ਰਕਸ਼ਨ ਸੁਪਰਡੈਂਟ ਲਈ, ਇਸ ਸੈਕਸ਼ਨ ਹੇਠ ਏਜੰਸੀ ਦੀ ਵੈਬਸਾਈਟ ਤੇ ਪਛਾਣੇ ਗਏ ਸਕ੍ਰੀਨਿੰਗ ਟੂਲਸ ਅਤੇ ਵਸੀਲਿਆਂ ਦੀ ਸੂਚੀ ਪ੍ਰਬੰਧਿਤ ਕਰਨਾ ਲਾਜ਼ਮੀ ਹੈ ਅਤੇ ਟੂਲਸ ਅਤੇ ਵਸੀਲਿਆਂ ਦੇ ਲਿੰਕ ਕਰਨਾ ਲਾਜ਼ਮੀ ਹੈ, ਜਦੋਂ ਉਹ ਉਪਲਬਧ ਹੋਣ।" (RCW 28A.300.700)

## ਦਖ਼ਲ ਸਹਿਯੋਗ ਅਤੇ ਸਹਿਯੋਗ ਦੇ ਮਲਟੀ-ਟੀਅਰ ਵਾਲੇ ਸਿਸਟਮ (MTSS)

“2021–22 ਸਕੂਲ ਸਾਲ ਤੋਂ ਸ਼ੁਰੂ ਕਰਦੇ ਹੋਏ ਅਤੇ ਜਿਵੇਂ ਕਿ ਇਸ ਸੈਕਸ਼ਨ ਵਿੱਚ ਦਿੱਤਾ ਗਿਆ ਹੈ, ਹਰੇਕ ਸਕੂਲ ਜ਼ਿਲ੍ਹੇ ਲਈ ਕਿੰਡਰਗਾਰਟਨ ਤੋਂ ਲੈ ਕੇ ਦੂਜੇ ਗ੍ਰੇਡ ਤੱਕ ਦੇ ਉਹਨਾਂ ਵਿਦਿਆਰਥੀਆਂ ਲਈ ਦਖਲ ਪ੍ਰਦਾਨ ਕਰਨ ਲਈ, ਸਹਿਯੋਗ ਦੇ ਮਲਟੀਟੀਅਰ ਵਾਲੇ ਸਿਸਟਮਾਂ (multitiered systems of support) ਦੀ ਵਰਤੋਂ ਲਾਜ਼ਮੀ ਹੈ, ਜੋ ਡਿਸਲੈਕਸੀਆ ਨਾਲ ਜੁੜੀ ਕਮਜ਼ੋਰੀ ਦਾ ਜਾਂ ਇਸਦੇ ਖੇਤਰਾਂ ਦਾ ਸੰਕੇਤ ਦਿੰਦੇ ਹੋਣ। ਵਿਦਿਆਰਥੀ ਦਾ ਪ੍ਰਦਰਸ਼ਨ, ਗ੍ਰੇਡ ਪੱਧਰ ਤੋਂ ਬੇਹੱਦ ਘੱਟ ਹੋਣ ਤੋਂ ਪਹਿਲਾਂ, ਸਕੂਲ ਜ਼ਿਲ੍ਹਿਆਂ ਨੂੰ ਦਖਲ ਦਾ ਮੌਕਾ ਦੇਣ ਲਈ, ਸਕੂਲ ਜ਼ਿਲ੍ਹਿਆਂ ਲਈ ਲਾਜ਼ਮੀ ਹੈ ਕਿ ਉਹ ਡਿਸਲੈਕਸੀਆ ਨਾਲ ਜੁੜੀ ਕਮਜ਼ੋਰੀ ਦਾ ਜਾਂ ਇਸਦੇ ਖੇਤਰਾਂ ਦੇ ਸੰਕੇਤਾਂ ਲਈ, ਕਿੰਡਰਗਾਰਟਨ ਤੋਂ ਲੈ ਕੇ ਦੂਜੇ ਗ੍ਰੇਡ ਤੱਕ ਦੇ ਉਹਨਾਂ ਵਿਦਿਆਰਥੀਆਂ ਦੀ ਸਕ੍ਰੀਨਿੰਗ ਕਰਨ, ਜਿਵੇਂ ਕਿ ਇਸ ਸੈਕਸ਼ਨ ਵਿੱਚ ਦਿੱਤਾ ਗਿਆ ਹੈ।

(2)(a) ਸਕੂਲ ਜ਼ਿਲ੍ਹਿਆਂ ਲਈ ਅਜਿਹੇ ਸਕ੍ਰੀਨਿੰਗ ਟੂਲਸ ਅਤੇ ਵਸੀਲਿਆਂ ਦੀ ਵਰਤੋਂ ਕਰਨਾ ਲਾਜ਼ਮੀ ਹੈ, ਜੋ ਬਿਹਤਰ ਪੱਧਤੀਆਂ ਦੀ ਮਿਸਾਲ ਹੋਣ, ਜਿਵੇਂ ਕਿ RCW 28A.300.700 ਹੇਠ ਵਰਣਨ ਕੀਤਾ ਗਿਆ ਹੈ।” (RCW 28A.320.260)

# ਅਕਾਦਮਿਕਸਕ੍ਰੀਨਿੰਗ ਟੂਲਸ ਨੂੰ ਸਮਝਣਾ

## ਅਕਾਦਮਿਕ ਸਕ੍ਰੀਨਿੰਗ ਟੂਲਸ ਕੀ ਹਨ

ਸਕ੍ਰੀਨਿੰਗ ਟੂਲਸ, ਉਹਨਾਂ ਵਿਦਿਆਰਥੀਆਂ ਦੀ ਪਛਾਣ ਕਰਨ ਵਾਲੇ ਸਿੱਖਿਅਕਾਂ ਦੀ ਸਹਾਇਤਾ ਲਈ ਵਰਤੇ ਜਾਣ ਵਾਲੇ ਸੰਖਿਪਤ, ਭਰੋਸੇਯੋਗ ਅਤੇ ਵੈਧ ਮੁਲਾਂਕਣ ਹਨ, ਜੋ-ਵਿਸ਼ੇਸ਼ ਅਕਾਦਮਿਕ ਮੁਸ਼ਕਲਾਂ, ਜਾਂ ਡਿਸਲੈਕਸੀਆ ਦੇ ਜੋਖਮ ਤੇ ਹਨ ਜਾਂ ਜੋਖਮ ਤੇ ਨਹੀਂ ਹਨ।

ਯੂਨੀਵਰਸਲ ਸਕ੍ਰੀਨਿੰਗ ਟੂਲਸ ਵਿੱਚ ਹੇਠਾਂ ਲਿਖੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ:

- ਵੱਖਰੀਆਂ ਕੁਸ਼ਤਾਵਾਂ ਦੇ ਤੁਰੰਤ ਅਤੇ ਟੀਟਾ ਅਧਾਰਤ ਮੁਲਾਂਕਣ, ਜੋ ਸੰਕੇਤ ਦਿੰਦੇ ਹਨ ਕਿ ਵਿਦਿਆਰਥੀ, ਰੀਡਿੰਗ ਉਪਲਬਧੀ ਵਿੱਚ ਢੁੱਕਵੀਂ ਤੁਰੱਕੀ ਕਰ ਰਿਹਾ ਹੈ ਜਾਂ ਨਹੀਂ.
- ਵੈਕਲਪਿਕ ਸਮਾਨਾਰਥੀ ਫਾਰਮ, ਤਾਂ ਜੋ ਉਹ ਸਾਲ ਵਿੱਚ ਤਿੰਨ ਜਾਂ ਚਾਰ ਵਾਰ ਕੀਤੇ ਜਾ ਸਕਣ.
- ਐਡਮਿਨਿਸਟ੍ਰੇਸ਼ਨ ਅਤੇ ਸਕੋਰਿੰਗ ਲਈ ਮਿਆਰੀ ਨਿਰਦੇਸ਼.
- ਸਥਾਪਤ ਭਰੋਸੇਯੋਗਤਾ ਅਤੇ ਵੈਧਤਾ ਮਿਆਰ.
- Washington ਦੇ ਵਿਦਿਆਰਥੀਆਂ ਲਈ ਸੱਭਿਆਚਾਰਕ ਅਤੇ ਭਾਸ਼ਾਈ ਤੌਰ ਤੇ ਪ੍ਰਤੀਉੱਤਰਦਾਈ.

## ਅਕਾਦਮਿਕ ਸਕ੍ਰੀਨਿੰਗ ਟੂਲਸ ਦੀ ਵਰਤੋਂ ਕਿਉਂ ਕੀਤੀ ਜਾਂਦੀ ਹੈ

- ਸਕ੍ਰੀਨਿੰਗ ਟੂਲਸ ਮੁਲਾਂਕਣ ਕਰਨ ਦੇ ਇਸ ਉਦੇਸ਼ ਨੂੰ ਪੂਰਾ ਕਰਦੇ ਹਨ ਕਿ ਸਾਰੇ ਵਿਦਿਆਰਥੀ, ਮੁੱਖ ਪੜ੍ਹਾਈ ਵਿੱਚ ਕਿਵੇਂ ਪ੍ਰਤੀਕਿਰਿਆ ਕਰਦੇ ਹਨ ਅਤੇ ਕੀ ਵਿਦਿਆਰਥੀ, ਘਟੇ ਹੋਏ ਸਿਖਲਾਈ ਨਤੀਜਿਆਂ ਲਈ ਜੋਖਮ ਤੇ ਹੈ।
- ਸਕ੍ਰੀਨਿੰਗ ਟੂਲਸ, ਸਕੂਲਾਂ ਅਤੇ ਸਿੱਖਿਅਕਾਂ ਨੂੰ ਮੁੱਖ ਪੜ੍ਹਾਈ ਵਿੱਚ ਸੋਧ ਜਾਂ ਸਮਾਯੋਜਨ ਕਰਨ ਲਈ ਡੇਟਾ ਪ੍ਰਦਾਨ ਕਰਦੇ ਹਨ, ਜਾਂ ਜੇਕਰ ਨਵੇਂ ਜਾਂ ਵਾਧੂ ਦਖਲ ਦੀ ਲੋੜ ਹੋਵੇ।
- ਸਕ੍ਰੀਨਿੰਗ ਟੂਲਸ ਤੋਂ ਪ੍ਰਾਪਤ ਡੇਟਾ, ਸਕੂਲਾਂ ਅਤੇ ਜ਼ਿਲ੍ਹਿਆਂ ਦੀ ਪੜ੍ਹਾਈ ਅਤੇ ਦਖਲ ਪ੍ਰੋਗਰਾਮ(ਮਾਂ) ਦੀ ਪ੍ਰਭਾਵਿਕਤਾ ਦਾ ਮੁਲਾਂਕਣ ਕਰਨ ਵਿੱਚ ਮਦਦ ਕਰ ਸਕਦਾ ਹੈ।

## ਅਕਾਦਮਿਕ ਸਕ੍ਰੀਨਿੰਗ ਟੂਲਸ ਦੀ ਵਰਤੋਂ ਲਈ ਚਿੰਤਨ

ਸਿਖਲਾਈ ਸਬੰਧੀ ਅਪਾਹਜਪੁਣੇ ਵਾਲੇ ਵਿਦਿਆਰਥੀਆਂ ਵਾਸਤੇ ਮੌਜੂਦ ਇੰਸਟ੍ਰਮੈਂਟਸ ਸਮੇਤ, ਸਕ੍ਰੀਨਿੰਗ ਇੰਸਟ੍ਰਮੈਂਟਸ ਵਿੱਚ ਹੇਠਾਂ ਲਿਖੀਆਂ ਵਿੱਚੋਂ ਜ਼ਿਆਦਾਤਰ ਜਾਂ ਸਾਰੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ:

- ਭਵਿੱਖੀ ਟੈਸਟਿੰਗ ਦੀ ਲੋੜ ਨਿਰਧਾਰਤ ਕਰਨ ਵਿੱਚ ਮਦਦ ਕਰਨਾ
- ਐਡਮਿਨਿਸਟ੍ਰੇਸ਼ਨ, ਸਕੋਰ ਅਤੇ ਵਿਆਖਿਆ ਕਰਨ ਵਿੱਚ ਤੇਜ਼
- ਬਹੁਤ ਜ਼ਿਆਦਾ ਸੰਖਿਆ ਵਾਲੇ ਵਿਅਕਤੀਆਂ ਲਈ ਢੁੱਕਵੇਂ
- ਕਦੇ-ਕਦਾਈਂ ਗਰੁੱਪ ਸੈਟਿੰਗਾਂ ਵਿੱਚ ਕੀਤਾ ਜਾ ਸਕਦਾ ਹੈ, ਤੰਗ ਫੋਕਸ, ਕਈ ਖੇਤਰਾਂ ਦਾ ਸਧਾਰਨ ਮੁਲਾਂਕਣ ਪ੍ਰਦਾਨ ਕਰਨ ਦੇ ਯੋਗ, ਜਿਵੇਂ ਕਿ ਭਾਸ਼ਾ, ਮੋਟਰ ਜਾਂ ਸਮਾਜਿਕ ਕੁਸ਼ਲਤਾਵਾਂ

# ਡਿਸਲੈਕਸੀਆ ਤੱਥ ਪੱਤਰ

2021–22 ਸਕੂਲ ਸਾਲ ਤੋਂ ਸ਼ੁਰੂ ਕਰਦੇ ਹੋਏ, ਹਰੇਕ ਸਕੂਲ ਜ਼ਿਲ੍ਹਾ, ਗ੍ਰੇਡ K–2 ਦੇ ਵਿਦਿਆਰਥੀਆਂ ਦੀਆਂ ਸਾਖਰਤਾ ਕੁਸ਼ਲਤਾ(ਵਾਂ) ਵਿਕਾਸ ਲਈ ਸਕ੍ਰੀਨਿੰਗ ਕਰੇਗਾ, ਜੋ ਡਿਸਲੈਕਸੀਆ ਨਾਲ ਜੁੜੀਆਂ ਹੋ ਸਕਦੀਆਂ ਹਨ।

## ਡਿਸਲੈਕਸੀਆ ਬਾਰੇ

**ਵੀਡੀਓ: ਡਿਸਲੈਕਸੀਆ ਕੀ ਹੈ/Understood.org ਦੀ** Margie Gillis ਵੱਲੋਂ ਕੀਤਾ ਗਿਆ ਡਿਸਲੈਕਸੀਆ ਦਾ ਵਰਣਨ

ਡਿਸਲੈਕਸੀਆ ਹੈ:

- ਦਿਮਾਗ ਵਿੱਚ ਅੰਤਰ, ਜੋ ਸਪੀਚ ਧੁਨੀਆਂ ਦੀ ਪ੍ਰਕਿਰਿਆ ਕਰਨ ਨੂੰ ਮੁਸ਼ਕਲ ਬਣਾਉਂਦਾ ਹੈ, ਖਾਸ ਕਰਕੇ ਸ਼ਬਦਾਂ ਵਿੱਚ ਅਲਗ-ਅਲਗ ਧੁਨੀਆਂ ਨੂੰ ਸੁਣਨ, ਪ੍ਰਤੀਸਥਾਪਤ ਕਰਨ ਅਤੇ ਬਦਲਣ ਦੀ ਯੋਗਤਾ।
- ਇਸਦਾ ਵਰਣਨ ਰੀਡਿੰਗ ਅਤੇ ਸਪੈਲਿੰਗ ਵਿੱਚ ਚੁਣੌਤੀਆਂ ਨਾਲ ਕੀਤਾ ਜਾਂਦਾ ਹੈ, ਖਾਸ ਕਰਕੇ ਅੱਖਰਾਂ ਅਤੇ ਧੁਨੀਆਂ ਵਿਚਕਾਰ ਸਬੰਧਾਂ ਨਾਲ।
- ਇਸ ਨਾਲ ਸ਼ਬਦਾਵਲੀ ਸਿੱਖਣ ਅਤੇ ਯਾਦ ਕਰਨ, ਇਹ ਸਮਝਣ ਵਿੱਚ ਕਿ ਕੀ ਪੜ੍ਹਿਆ ਜਾ ਰਿਹਾ ਅਤੇ ਕਾਗਜ਼ ਤੇ ਵਿਚਾਰ ਪ੍ਰਾਪਤ ਕਰਨ ਵਿੱਚ ਸਮੱਸਿਆਵਾਂ ਹੋਣ ਦੀ ਸੰਭਾਵਨਾ ਹੁੰਦੀ ਹੈ।
- ਇਹ ਸਮੁੱਚੀ ਸਮਝ ਨਾਲ ਸਬੰਧਤ ਨਹੀਂ ਹੈ।
- ਇਹ ਵਿਜੁਅਲ ਸਮੱਸਿਆ ਨਹੀਂ ਹੈ, ਜਾਂ ਇਹ ਪ੍ਰੇਰਨਾ, ਰੁਚੀ ਦੀ ਘਾਟ, ਸੰਪੰਨ ਸਾਹਿਤ, ਜਾਂ ਕਲਾਸਰੂਮ ਦੀ ਪ੍ਰਭਾਵਹੀਣ ਪੜ੍ਹਾਈ ਦੇ ਪ੍ਰਗਟਾਵੇ ਕਾਰਨ ਨਹੀਂ ਹੁੰਦੀ।

## ਤਾਕਤਾਂ ਤੇ ਧਿਆਨ ਦੇਣਾ

ਡਿਸਲੈਕਸੀਆ ਤੋਂ ਪੀੜਿਤ ਬੱਚੇ ਨੂੰ ਪੜ੍ਹਨ, ਲਿਖਣ ਅਤੇ ਬੋਲਣ ਵਿੱਚ ਕਾਫੀ ਸੰਘਰਸ਼ ਕਰਨਾ ਪੈ ਸਕਦਾ ਹੈ, ਪਰੰਤੂ ਉਸ ਵਿੱਚ ਅਜਿਹੀਆਂ ਪ੍ਰਤਿਭਾਵਾਂ ਅਤੇ ਰੁਚੀਆਂ ਵੀ ਹੋ ਸਕਦੀਆਂ ਹਨ, ਜਿਹਨਾਂ ਲਈ ਉਸਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਦੀਆਂ **ਮਜ਼ਬੂਤ** ਮੌਖਿਕ ਅਤੇ ਸੋਚਣ ਸਬੰਧੀ ਕੁਸ਼ਲਤਾਵਾਂ ਹੋ ਸਕਦੀਆਂ ਹਨ, ਜਿਵੇਂ:

- ਰਚਨਾਤਮਕ, ਬਿਲਕੁਲ ਵੱਖਰੇ ਤੌਰ ਤੇ ਸਮੱਸਿਆ ਹੱਲ ਕਰਨ ਦੀਆਂ ਕੁਸ਼ਲਤਾਵਾਂ
- ਸੁਣਨ ਸਬੰਧੀ ਕੁਸ਼ਲਤਾਵਾਂ
- ਕਲਪਨਾ ਅਤੇ ਉਤਸੁਕਤਾ
- ਪੈਟਰਨਾਂ ਨੂੰ ਪਛਾਣਨ ਦੀਆਂ ਕੁਸ਼ਲਤਾਵਾਂ
- ਚੀਜ਼ਾਂ ਦਾ ਨਿਰਮਾਣ ਕਰਨਾ, ਜੋੜਨਾ, ਅਤੇ ਉਹਨਾਂ ਨਾਲ ਕੰਮ ਕਰਨਾ
- ਅਥਲੈਟਿਕ, ਕਲਾਤਮਕ ਜਾਂ ਸੰਗੀਤਮਈ ਕੁਸ਼ਲਤਾਵਾਂ

## ਆਮ ਸੰਘਰਸ਼

### ਹਰੇਕ ਬੱਚਾ ਅਲਗ ਹੁੰਦਾ ਹੈ

ਡਿਸਲੈਕਸੀਆ ਹਰੇਕ ਬੱਚੇ ਲਈ ਅਤੇ ਉਮਰ ਅਤੇ ਪੜਾਵਾਂ ਵਿੱਚ ਵੱਖ-ਵੱਖ ਤੌਰ ਤੇ ਹੁੰਦਾ ਹੈ। ਡਿਸਲੈਕਸੀਆ ਤੋਂ ਪੀੜਿਤ ਲੋਕਾਂ ਲਈ ਦੋ ਜਾਂ ਵੱਧ ਉਚਾਰਖੰਡਾਂ ਵਾਲੇ ਸ਼ਬਦਾਂ ਦਾ ਉਚਾਰਨ ਕਰਨ ਵਿੱਚ ਸੰਘਰਸ਼ ਕਰਨਾ ਆਮ ਗੱਲ ਹੈ, ਨਾਲ ਹੀ ਉਹਨਾਂ ਵਿੱਚ ਹੇਠਾਂ ਲਿਖੇ ਲੱਛਣ ਹੁੰਦੇ ਹਨ।

#### *ਪ੍ਰੀ-ਸਕੂਲ ਤੋਂ ਲੈ ਕੇ ਕਿੰਡਰਗਾਰਟਨ*

- ਬੋਲਣ ਵਿੱਚ ਦੇਰੀ (ਉਮਰ 2-3)
- ਨਿਰਦੇਸ਼ਾਂ ਦੀ ਪਾਲਣਾ ਕਰਨਾ
- ਅੱਖਰ ਨਾਮ ਸਿੱਖਣਾ ਅਤੇ ਯਾਦ ਕਰਨਾ
- ਤੁਕਬੰਦੀ ਕਰਨਾ

#### *ਸ਼ੁਰੂਆਤੀ ਸਕੂਲ ਸਾਲ*

- ਅੱਖਰਾਂ ਨੂੰ ਧੁਨੀਆਂ ਨਾਲ ਜੋੜਨਾ
- ਕਾਗਜ਼ ਤੇ ਵਿਚਾਰ ਪ੍ਰਾਪਤ ਕਰਨਾ
- ਮਲਟੀ-ਸਟੈਪ ਨਿਰਦੇਸ਼ਾਂ ਦੀ ਪਾਲਣਾ ਕਰਨਾ
- ਗਣਿਤ ਦੇ ਤੱਥਾਂ ਨੂੰ ਯਾਦ ਕਰਨਾ ਅਤੇ ਸ਼ਬਦ ਸਬੰਧੀ ਸਵਾਲ ਹੱਲ ਕਰਨਾ

- ਹੌਲੀ ਜਾਂ ਅਸਥਿਰ ਰੀਡਿੰਗ, ਇੱਥੋਂ ਤੱਕ ਕਿ ਬਹੁਤ ਛੋਟੇ ਜਾਂ ਆਮ ਸ਼ਬਦਾਂ ਨਾਲ ਵੀ
- ਪੜ੍ਹਦੇ ਸਮੇਂ ਸ਼ਬਦ, ਸ਼ਬਦਾਂ ਦੇ ਭਾਗ ਅਤੇ ਧੁਨੀਆਂ ਛੱਡ ਦੇਣਾ
- ਗਲਤ ਅਤੇ ਬੇਮੇਲ ਸਪੈਲਿੰਗ
- ਧਾਰਨਾਵਾਂ ਅਤੇ ਚੀਜ਼ਾਂ ਲਈ ਸ਼ਬਦਾਂ ਨੂੰ ਨਾਲ ਮਿਲਾ ਦੇਣਾ (ਜਿਵੇਂ ਬੈਗਲ/ਡੋਨਟ)
- ਬਚਾਉ ਵਾਲੇ ਵਿਵਹਾਰ

*ਬਾਅਦ ਦੇ ਸਕੂਲ ਸਾਲ*

- ਉੱਚੀ ਪੜ੍ਹਨਾ
- ਦੋ ਜਾਂ ਵੱਧ ਉਚਾਰਖੰਡਾਂ ਵਾਲੇ ਸ਼ਬਦ ਪੜ੍ਹਨਾ ਜਾਂ ਲਿਖਣਾ
- ਵੱਡੀ ਮਾਤਰਾਂ ਵਿੱਚ ਪੜ੍ਹਨ ਅਤੇ ਲਿਖਣ ਵਿੱਚ ਇੱਕੋ ਜਿਹੀ ਤਰੱਕੀ
- ਕੰਮਾਂ ਨੂੰ ਲਿਖਣਾ (ਅਸਾਈਨਮੈਂਟਸ, ਲੇਖ, ਈਮੇਲਾਂ, ਨੋਟਸ ਲੈਣਾ ਆਦਿ)
- ਵਿਦੇਸ਼ੀ ਭਾਸ਼ਾ ਸਿੱਖਣਾ

# ਕੀ ਸਹਾਇਕ ਹੁੰਦਾ ਹੈ?

ਢੁੱਕਵੀਂ ਪੜ੍ਹਾਈ ਅਤੇ ਸਹਿਯੋਗ ਨਾਲ, ਡਿਸਲੈਕਸੀਆ ਤੋਂ ਪੀੜਿਤ ਬੱਚਾ ਪੜ੍ਹਨਾ ਅਤੇ ਲਿਖਣਾ ਸਿੱਖ ਸਕਦਾ ਹੈ। ਫਾਇਦੇਮੰਦ ਪੜ੍ਹਾਈ ਸਪਸ਼ਟ ਅਤੇ ਸਬੂਤ-ਅਧਾਰਤ ਅਭਿਆਸਾਂ ਦੇ ਆਧਾਰ ਤੇ ਹੁੰਦੀ ਹੈ, ਜੋ ਸਿੱਖਿਆ ਸਬੰਧੀ ਖੋਜ ਅਤੇ ਵਿਗਿਆਨ ਦੇ ਮੁਤਾਬਕ ਹੁੰਦੀਆਂ ਹਨ।

# ਸਕੂਲਾਂਨਾਲ ਜੁੜਨਾ

**ਵਿਦਿਆਰਥੀ ਦੀ ਸਫਲਤਾ ਲਈ, ਪਰਿਵਾਰਕ/ਸਕੂਲ ਪਾਰਟਰਨਰਸ਼ਿਪ ਜ਼ਰੂਰੀ ਹੈ।** ਪਹਿਲਾ ਕਦਮ, ਜਦੋਂ ਮਾਪੇ ਜਾਂ ਸਰਪ੍ਰਸਤ ਨੂੰ ਆਪਣੇ ਬੱਚੇ ਦੀ ਤਰੱਕੀ ਬਾਰੇ ਫਿਕਰ ਹੁੰਦਾ ਹੈ, ਇਹ ਵਿਚਾਰ-ਵਟਾਂਦਰਾ ਕਰਨ ਵਾਸਤੇ ਅਧਿਆਪਕ ਨਾਲ ਗੱਲ ਕਰਨ ਲਈ ਮੁਲਾਕਾਤ ਤੈਅ ਕਰਨਾ ਹੁੰਦਾ ਹੈ:

- ਮਾਪੇ ਜਾਂ ਸਰਪ੍ਰਸਤ ਦੀਆਂ ਚਿੰਤਾਵਾਂ ਅਤੇ ਸਵਾਲ
- ਅਧਿਆਪਕ ਦੀਆਂ ਚਿੰਤਾਵਾਂ ਅਤੇ ਸਵਾਲ
- ਬੱਚੇ ਦੇ ਸੰਘਰਸ਼ਾਂ ਅਤੇ ਲੋੜਾਂ ਬਾਰੇ ਹੋਰ ਜਾਣਨ ਲਈ ਕਦਮ
- ਨਿਸ਼ਕਰਸ਼ ਸਾਂਝੇ ਕਰਨ ਲਈ ਫਾੱਲੋ-ਅਪ ਮੀਟਿੰਗ ਅਤੇ ਬੱਚੇ ਦੀਆਂ ਲੋੜਾਂ ਲਈ ਪੜ੍ਹਾਈ ਨਾਲ ਜੁੜਦੇ ਹੋਏ ਵਿਚਾਰ-ਵਟਾਂਦਰਾ ਕਰਨਾ।

# ਕਲਾਸਰੂਮ ਸਹਿਯੋਗ

## ਪਹੁੰਚ ਬਣਾਉਣ ਲਈ ਥਾਂ ਦਾ ਪ੍ਰਬੰਧ

ਢੁੱਕਵੀਂ ਪੜ੍ਹਾਈ ਦੇ ਇਲਾਵਾ, ਥਾਂ ਦੇ ਪ੍ਰਬੰਧ ਕਲਾਸਰੂਮ ਵਿੱਚ ਡਿਸਲੈਕਸੀਆ ਤੋਂ ਪੀੜਿਤ ਬੱਚਿਆਂ ਦੀ ਮਦਦ ਕਰਦੇ ਹਨ ਅਤੇ ਉਹਨਾਂ ਦੀ ਸੁਤੰਤਰਤਾ ਨੂੰ ਵਧਾਉਂਦੇ ਹਨ। ਕੁਝ ਸਹਿਯੋਗ, ਜਿਹਨਾਂ ਨੂੰ ਵਿਦਿਆਰਥੀ ਉਪਯੋਗੀ ਸਮਝਦੇ ਹਨ, ਉਹਨਾਂ ਵਿੱਚ ਸ਼ਾਮਲ ਹਨ:

- ਪੜ੍ਹਨ ਅਤੇ ਲਿਖਣ ਲਈ ਵਧਿਆ ਹੋਇਆ ਸਮਾਂ
- ਲੰਮੀਆਂ ਅਸਾਈਨਮੈਂਟਸ ਨੂੰ ਭਾਗਾਂ ਵਿੱਚ ਵੰਡਣਾ
- ਪੜ੍ਹਾਈ ਕਰਨ ਅਤੇ ਟੈਸਟਿੰਗ ਲਈ ਸ਼ਾਂਤ ਥਾਂ
- ਰੀਡਿੰਗ ਲਈ ਔਡੀਓ ਬੁਕਸ (ਟੈਸਟਬੁੱਕਸ ਲਈ ਹੋਣ ਸਮੇਤ) ਜਾਂ ਕੰਪਿਊਟਰ ਸਹਿਯੋਗ (ਜਿਵੇਂ, Bookshare ਜਾਂ Learning Ally)
- ਡਿਕਟੇਸ਼ਨ ਸੌਫਟਵੇਅਰ ਵਾਲੇ ਕੰਪਿਊਟਰ
- ਸ਼ਬਦ ਗਿਆਨ ਵਿੱਚ ਵਾਧਾ ਕਰਨ ਲਈ ਵੀਡੀਓ ਦੇਖਦੇ ਸਮੇਂ ਬੰਦ ਕੈਪਸ਼ਨ। ਹੋਰ ਜਾਣਕਾਰੀ ਲਈ ਓਰੇਗਨ ਬ੍ਰਾਂਚ ਔਫ ਦ ਇੰਟਰਨੈਸ਼ਨਲ ਡਿਸਲੈਕਸੀਆ ਐਸੋਸੀਏਸ਼ਨ (Oregon Branch of the International Dyslexia Association - ORBIDA) ਦੇਖੋ।

# ਸਮਾਜਿਕ/ਭਾਵਨਾਤਮਕ ਸਹਿਯੋਗ

## ਤਾਕਤਾਂ ਅਤੇ ਹਿਮਾਇਤ ਸਬੰਧੀ ਕੁਸ਼ਲਤਾਵਾਂ ਤੇ ਅਧਾਰਤ

ਡਿਸਲੈਕਸੀਆ ਤੋਂ ਪੀੜਿਤ ਬੱਚੇ, ਸਵੈ-ਮਾਣ, ਚਿੰਤਾ ਅਤੇ ਡਿਪ੍ਰੈਸ਼ਨ ਨਾਲ ਵੀ ਸੰਘਰਸ਼ ਕਰਦੇ ਹੋ ਸਕਦੇ ਹਨ। ਮਾਪੇ ਅਤੇ ਸਰਪ੍ਰਸਤ ਇਹ ਕਰਕੇ ਸਕਾਰਾਤਮਕ ਦ੍ਰਿਸ਼ਟੀਕੋਣ ਅਤੇ ਲਚਕੀਲਾਪਣ ਵਿਕਸਿਤ ਕਰ ਸਕਦੇ ਹਨ:

- ਆਪਣੇ ਬੱਚੇ ਦੀਆਂ ਤਾਕਤਾਂ, ਰੁਚੀਆਂ ਅਤੇ ਜੋਸ਼ ਦਾ ਪਤਾ ਲਗਾਉਣਾ ਅਤੇ ਉਤਸ਼ਾਹਿਤ ਕਰਨਾ
- ਆਪਣੇ ਭਾਈਚਾਰੇ ਅਤੇ ਦੁਨੀਆ ਬਾਰੇ ਵਿਵਹਾਰਕ ਸਿਖਲਾਈ ਮੌਕੇ ਅਪਨਾਉਣਾ
- ਆਪਣੇ ਬੱਚਿਆਂ ਨੂੰ ਪੜ੍ਹ ਕੇ ਸੁਣਾਉਣਾ, ਵੀਡੀਓ ਦੇਖਣਾ ਅਤੇ ਮੌਜੂਦਾ ਕਲਾਸਰੂਮ ਵਿਸ਼ਿਆਂ ਤੇ ਟੈਕਸਟ ਸੁਣਨਾ
- ਆਪਣੇ ਬੱਚੇ ਦੀ ਤਰੱਕੀ ਅਤੇ ਸਫਲਤਾ ਤੇ ਧਿਆਨ ਕੇਂਦਰਿਤ ਕਰਨਾ

- ਆਪਣੇ ਬੱਚੇ ਨੂੰ ਇਹ ਸਿਖਾਉਣਾ:
    - ਕਿ ਹਰ ਕਿਸੇ ਦੀਆਂ ਸਮਰਥਤਾਵਾਂ ਅਤੇ ਸੰਘਰਸ਼ ਹੁੰਦੇ ਹਨ
    - ਆਪਣੀਆਂ ਲੋੜਾਂ ਬਾਰੇ ਮਦਦ ਕਿਵੇਂ ਮੰਗਣੀ ਹੈ ਅਤੇ ਗੱਲ ਕਿਵੇਂ ਕਰਨੀ ਹੈ (ਸਵੈ-ਹਿਮਾਇਤ)

# ਹੋਰ ਵਸੀਲੇ

- OSPI ਦੀ ਡਿਸਲੈਕਸੀਆ ਸਾਈਟ ਅਤੇ ਵਸੀਲਾ ਗਾਈਡ
- ਇੰਟਰਨੈਸ਼ਨ ਡਿਸਲੈਕਸੀਆ ਐਸੋਸੀਏਸ਼ਨ (International Dyslexia Association) (IDA) IDA ਦੀ ਵਾਸ਼ਿੰਗਟਨ ਬ੍ਰਾਂਚ
- ਡਿਸਲੈਕਸੀਆ ਬਾਰੇ ਸਪੈਨਿਸ਼ ਵਿੱਚ ਜਾਣਕਾਰੀ
- ਸਾਖਰਤਾ ਨੂੰ ਸੋਧਣ ਦਾ ਰਾਸ਼ਟਰੀ ਕੇਂਦਰ (National Center for Improving Literacy)
- Understood
- University of Michigan ਡਿਸਲੈਕਸੀਆ ਮਦਦ
- ਮਾਪੇ ਅਤੇ ਸਰਪ੍ਰਸਤ ਆਪਣੇ ਬੱਚਿਆਂ ਦੇ ਨਾਲ ਇਹ ਦੇਖ ਸਕਦੇ ਹਨ: ਡਿਸਲੈਕਸੀਆ ਨੂੰ ਵੱਖਰੇ ਤੌਰ ਤੇ ਦੇਖੋ

# ਬਿਹਤਰ ਪੱਧਤੀਆਂ ਸਾਖਰਤਾ ਸਕ੍ਰੀਨਿੰਗ ਲਈ: ਸਕੂਲ ਅਤੇ ਜ਼ਿਲ੍ਹਾ ਪ੍ਰਸ਼ਾਸਕ

2021–22 ਸਕੂਲ ਸਾਲ ਤੋਂ ਸ਼ੁਰੂ ਕਰਦੇ ਹੋਏ, ਹਰੇਕ ਸਕੂਲ ਜ਼ਿਲ੍ਹਾ, ਗ੍ਰੇਡ K–2 ਦੇ ਵਿਦਿਆਰਥੀਆਂ ਦੀਆਂ ਸਾਖਰਤਾ ਕੁਸ਼ਲਤਾ(ਵਾਂ) ਵਿਕਾਸ ਲਈ ਸਕ੍ਰੀਨਿੰਗ ਕਰੇਗਾ, ਜੋ ਡਿਸਲੈਕਸੀਆ ਨਾਲ ਜੁੜੀਆਂ ਹੋ ਸਕਦੀਆਂ ਹਨ।

## ਅਕਾਦਮਿਕ ਸਕ੍ਰੀਨਰਸ

ਅਕਾਦਮਿਕ ਸਕ੍ਰੀਨਰਸ, ਉਹਨਾਂ ਵਿਦਿਆਰਥੀਆਂ ਦੀ ਪਛਾਣ ਕਰਨ ਵਾਲੇ ਸਿੱਖਿਅਕਾਂ ਦੀ ਸਹਾਇਤਾ ਲਈ ਵਰਤੇ ਜਾਣ ਵਾਲੇ ਸੰਖਿਪਤ, ਭਰੋਸੇਯੋਗ ਅਤੇ ਵੈਧ ਮੁਲਾਂਕਣ ਹਨ, ਜੋ ਵਿਸ਼ੇਸ਼ ਅਕਾਦਮਿਕ ਮੁਸ਼ਕਲਾਂ ਦੇ ਜੋਖਮ ਤੇ ਹੋ ਸਕਦੇ ਹਨ.

ਅਕਾਦਮਿਕ ਸਕ੍ਰੀਨਿੰਗ ਟੂਲਸ ਹਨ:

- ਵੱਖਰੀਆਂ ਕੁਸ਼ਲਤਾਵਾਂ ਦੇ ਤੇਜ਼ ਅਤੇ ਟੀਚਾ ਅਧਾਰਤ ਮੁਲਾਂਕਣ।
- ਐਡਮਿਨਿਸਟ੍ਰੇਸ਼ਨ ਅਤੇ ਸਕੋਰਿੰਗ ਲਈ ਮਿਆਰੀ
- Washington ਦੇ ਵਿਦਿਆਰਥੀਆਂ ਲਈ ਸੱਭਿਆਚਾਰਕ ਅਤੇ ਭਾਸ਼ਾਈ ਤੌਰ ਤੇ ਪ੍ਰਤੀਉੱਤਰਦਾਈ

ਅਕਾਦਮਿਕ ਸਕ੍ਰੀਨਰ, ਡਿਸਲੈਕਸੀਆ ਦਾ ਨਿਦਾਨ ਕਰਨ ਲਈ ਟੂਲ ***ਨਹੀਂ*** ਹੈ।

## ਉਹ ਕੁਸ਼ਲਤਾਵਾਂ, ਜਿਹਨਾਂ ਦੀ ਸਕ੍ਰੀਨਿੰਗ ਹੋਣੀ ਚਾਹੀਦੀ ਹੈ

ਸਾਖਰਤਾ ਸਕ੍ਰੀਨਿੰਗ ਟੂਲਸ ਇਹਨਾਂ ਕੁਸ਼ਲਤਾਵਾਂ ਦਾ ਮੁਲਾਂਕਣ ਕਰਨਗੇ, ਜਿਵੇਂ ਰਾਜ ਦੇ ਕਨੂੰਨ ਵੱਲੋਂ ਲੋੜੀਂਦਾ ਹੈ:

- ਫੋਨੈਮਿਕ ਸੁਚੇਤਤਾ
- ਫੋਨੋਲੋਜੀਕਲ ਸੁਚੇਤਤਾ
- ਅੱਖਰ ਧੁਨੀ ਗਿਆਨ
- (ਰੈਪਿਡ ਆਟੋਮੈਟਾਈਜ਼ਡ ਨੇਮਿੰਗ (Rapid Automatized Naming) (RAN)—ਕਿਰਪਾ ਕਰਕੇ ਧਿਆਨ ਦਿਓ ਕਿ ਹਾਲਾਂਕਿ RAN ਕੁਸ਼ਲਤਾਵਾਂ ਸੁਧਰ ਸਕਦੀਆਂ ਹਨ, ਉਹਨਾਂ ਨੂੰ ਪਹਿਲਾਂ ਤੋਂ ਸਿਖਾਇਆ ਜਾਂ ਸਹੀ ਨਹੀਂ ਕੀਤਾ ਜਾ ਸਕਦਾ।

## ਸਕ੍ਰੀਨਿੰਗ ਪ੍ਰਕਿਰਿਆ

ਇਹ ਸਮਝਣ ਵਿੱਚ ਜ਼ਿਲ੍ਹਿਆਂ ਦੀ ਸਹਾਇਤਾ ਕਰਨ ਲਈ ਕਿ K–2 ਸਾਖਰਤਾ ਸਕ੍ਰੀਨਿੰਗ, ਕਿਸ ਤਰ੍ਹਾਂ ਸਮੁੱਚੇ ਮੁਲਾਂਕਣ ਲੈਂਡਸਕੇਪ ਵਿੱਚ ਫਿੱਟ ਬੈਠਦੀ ਹੈ, ਪਬਲਿਕ ਇੰਸਟ੍ਰਕਸ਼ਨ ਸੁਪਰਡੈਂਟ ਦਾ ਦਫ਼ਤਰ (Office of Superintendent of Public Instruction - OSPI) ਅਤੇ ਡਿਸਲੈਕਸੀਆ ਐਡਵਾਈਜਰੀ ਕਾਉਂਸਿਲ ਨੇ K–2 ਤੋਂ ਲੈ ਕੇ ਹਰੇਕ ਗ੍ਰੇਡ ਵਿੱਚ ਸਾਖਰਤਾ ਕੁਸ਼ਲਤਾਵਾਂ ਲਈ ਸਿਫ਼ਾਰਿਸ਼ ਕੀਤੀ ਸਮਾਂ ਸੀਮਾ ਪ੍ਰਕਾਸ਼ਿਤ ਕੀਤੀ ਹੈ।

ਹਰੇਕ ਸਕੂਲ ਜ਼ਿਲ੍ਹੇ ਲਈ ਖ਼ਾਸ ਪ੍ਰਕਿਰਿਆ, ਜ਼ਿਲ੍ਹੇ ਵੱਲੋਂ ਚੁਣੀਆਂ ਪ੍ਰਕਾਸ਼ਕ ਦੀਆਂ ਸਕ੍ਰੀਨਰਸ ਸਬੰਧੀ ਸਿਫ਼ਾਰਿਸ਼ਾਂ ਦੇ ਆਧਾਰ ਤੇ ਵੱਖ-ਵੱਖ ਹੋਵੇਗੀ। OSPI/ਡਿਸਲੈਕਸੀਆ ਐਡਵਾਈਜਰੀ ਕਾਉਂਸਿਲ ਨੇ ਇੱਕ ਕ੍ਰੌਸਵਾਕ ਤਿਆਰ ਕੀਤਾ ਹੈ, ਜੋ ਜ਼ਿਲ੍ਹੇ ਦੀਆਂ ਚੋਣਾਂ ਬਾਰੇ ਸੂਚਿਤ ਕਰ ਸਕਦਾ ਹੈ। ਫੋਨੋਲੋਜੀਕਲ ਸੁਚੇਤਤਾ, ਫੋਨੈਮਿਕ ਸੁਚੇਤਤਾ, ਅੱਖਰ ਧੁਨੀ ਗਿਆਨ ਦਾ ਸਾਰੇ ਤਿੰਨ ਗ੍ਰੇਡ ਪੱਧਰਾਂ ਵਿੱਚ ਵਿਦਿਆਰਥੀਆਂ ਲਈ ਹਰ ਸਾਲ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।

- ਜੋ ਵਿਦਿਆਰਥੀ ਸਾਲ ਦੇ ਵਿਚਾਲੇ ਦਾਖ਼ਲਾ ਲੈਂਦੇ ਹਨ, ਉਹਨਾਂ ਦੀ ਸਕ੍ਰੀਨਿੰਗ, ਅਗਲੀ ਸਕ੍ਰੀਨਿੰਗ ਤਾਰੀਖ ਨੂੰ ਉਹਨਾਂ ਦੇ ਸਾਥੀਆਂ ਨਾਲ ਕੀਤੀ ਜਾਣੀ ਚਾਹੀਦੀ ਹੈ।
- ਵਿਦਿਆਰਥੀ ਸਿਰਫ਼ ਇੱਕ ਵਾਰ ਰੈਪਿਡ ਆਟੋਮੈਟਿਕ ਨੇਮਿੰਗ ਪੂਰਾ ਕਰਨਗੇ, ਦਾਖ਼ਲੇ ਤੋਂ ਬਾਅਦ ਘੱਟੋ-ਘੱਟ ਚਾਰ ਹਫ਼ਤਿਆਂ ਵਿੱਚ।
- ਜੇਕਰ K–2 ਵਿੱਚ ਵਿਦਿਆਰਥੀ ਸ਼ੁਰੂਆਤੀ ਸਕ੍ਰੀਨਰ ਤੇ ਘਾਟ ਵਾਲਾ ਖੇਤਰ ਦਰਸਾਉਂਦਾ ਹੈ, ਤਾਂ ਤਰੱਕੀ ਦਾ ਨਿਰੀਖਣ ਕੀਤਾ ਜਾਣਾ ਚਾਹੀਦਾ ਹੈ।
- ਟੀਮ ਰਿਪੋਰਟਾਂ ਦਾ ਵਿਸ਼ਲੇਸ਼ਣ ਕਰੇਗੀ ਅਤੇ ਸਹਿਯੋਗ ਦੇ ਮਲਟੀ-ਟੀਅਰ ਵਾਲੇ ਸਿਸਟਮ ਦੁਆਰਾ ਦਖਲ ਨਿਰਧਾਰਤ ਕਰੇਗੀ।
- ਪਰਿਵਾਰਾਂ ਨੂੰ ਹਮੇਸ਼ਾ ਫੈਸਲੇ ਲੈਣ ਵਿੱਚ ਸ਼ਾਮਲ ਕੀਤਾ ਜਾਵੇਗਾ ਅਤੇ ਵਿਦਿਆਰਥੀ ਦੇ ਪ੍ਰਦਰਸ਼ਨ ਬਾਰੇ ਸੂਚਿਤ ਕੀਤਾ ਜਾਵੇਗਾ।
- ਜੇਕਰ, ਮਲਟੀ-ਟੀਅਰ ਵਾਲੇ ਦਖਲ ਪ੍ਰਦਾਨ ਕਰਨ ਤੋਂ ਬਾਅਦ, ਵਿਦਿਆਰਥੀ ਡਿਸਲੈਕਸੀਆ ਦੇ ਸੰਕੇਤ ਦਰਸਾਉਣਾ ਜਾਰੀ ਰੱਖਦਾ ਹੈ, ਤਾਂ ਸਕੂਲ ਜ਼ਿਲ੍ਹੇ ਲਈ ਲਾਜ਼ਮੀ ਹੈ ਕਿ ਉਹ ਵਿਦਿਆਰਥੀ ਦੇ ਮਾਪਿਆਂ ਅਤੇ ਪਰਿਵਾਰ ਨੂੰ ਸਿਫ਼ਾਰਿਸ਼ ਕਰਕੇ ਕਿ ਵਿਦਿਆਰਥੀ ਦਾ ਡਿਸਲੈਕਸੀਆ ਜਾਂ ਵਿਸ਼ੇਸ਼ ਸਿਖਲਾਈ ਅਪਾਹਜਪੁਣੇ ਲਈ ਮੁਲਾਂਕਣ ਕੀਤਾ ਜਾਵੇਗਾ।

# ਕਿਸਦੀ ਸਕ੍ਰੀਨਿੰਗ ਕੀਤੀ ਜਾਂਦੀ ਹੈ

ਗ੍ਰੇਡਸ K–2 ਦੇ ਵਿਦਿਆਰਥੀਆਂ ਦੀ ਸਕ੍ਰੀਨਿੰਗ ਕੀਤੀ ਜਾਵੇਗੀ।

**ਉਹਨਾਂ ਵਿਦਿਆਰਥੀਆਂ ਲਈ ਸਲਾਹ, ਜੋ ਅੰਗਰੇਜ਼ੀ ਭਾਸ਼ਾ ਸਿਖਿਆਰਥੀ ਹਨ:** ਸਕ੍ਰੀਨਿੰਗ ਟੂਲ, ਅਨੁਵਾਦ ਕੀਤਾ ਮੁਲਾਂਕਣ (ਪ੍ਰਕਾਸ਼ਕ ਦੁਆਰਾ) ਹੋਣਾ ਚਾਹੀਦਾ ਹੈ ਅਤੇ ਵਿਦਿਆਰਥੀ ਦੀ ਠੋਸ ਭਾਸ਼ਾ ਵਿੱਚ ਪ੍ਰਵਾਹੀ ਸਪੀਕਰ ਵੱਲੋਂ ਕੀਤਾ

# ਸਾਖਰਤਾ ਸਕ੍ਰੀਨਿੰਗ ਟੂਲਸ ਦਾ ਪ੍ਰਬੰਧ

- ਪੜ੍ਹਾਈ ਅਤੇ ਦਖਲ ਨੂੰ ਸਭ ਤੋਂ ਪ੍ਰਭਾਵੀ ਰੂਪ ਨਾਲ ਪ੍ਰਦਾਨ ਕਰਨ ਲਈ, ਸਕ੍ਰੀਨਿੰਗ ਟੂਲਸ ਦਾ ਪ੍ਰਬੰਧ, ਰਿਕਾਰਡ ਦੇ ਸਰਟੀਫਿਕੇਟਡ ਕਲਾਸਰੂਮ ਅਧਿਆਪਕ ਵੱਲੋਂ ਕੀਤਾ ਜਾਣਾ ਚਾਹੀਦਾ ਹੈ।
- ਇਹ ਯਕੀਨੀ ਬਣਾਉਣਾ ਸਥਾਨਕ ਸਿੱਖਿਆ ਏਜੰਸੀ (LEA) ਬਿਲਡਿੰਗ ਪ੍ਰਸ਼ਾਸਕ ਦੀ ਜ਼ਿੰਮੇਵਾਰੀ ਹੈ ਕਿ ਗ੍ਰੇਡ K–2 ਵਿੱਚ ਸਾਰੇ ਅਧਿਆਪਕ, ਜ਼ਿਲ੍ਹੇ ਦੇ ਚੁਣੇ ਗਏ ਸਕ੍ਰੀਨਰ ਦੀ ਪੇਸ਼ਾਵਰ ਸਿਖਲਾਈ ਵਿੱਚ ਸ਼ਾਮਲ ਹੋਣ ਅਤੇ ਪ੍ਰਕਾਸ਼ਕ ਦੀਆਂ ਸਿਫ਼ਾਰਿਸ਼ਾਂ ਦੇ ਮੁਤਾਬਕ ਸਕ੍ਰੀਨਿੰਗ ਟੂਲਸ ਦਾ ਪ੍ਰਬੰਧ ਕਰਨ ਵਿੱਚ ਸਿੱਖਿਅਤ ਹੋਣ।
- ਬਿਲਡਿੰਗ ਪ੍ਰਸ਼ਾਸਕਾਂ ਦੇ ਨਾਲ-ਨਾਲ LEA, ਨਵੇਂ ਸਿੱਖਿਅਕਾਂ ਅਤੇ ਸਟਾਫ਼ ਦੇ ਪਰਿਚੈ ਲਈ ਪੇਸ਼ਾਵਰ ਸਿਖਲਾਈ ਅਤੇ ਟ੍ਰੇਨਿੰਗ ਸ਼ੈਡਿਊਲ ਵਿਕਸਿਤ ਕਰੇਗੀ।

# ਸ਼ੁਰੂਆਤੀ ਸਕ੍ਰੀਨਿੰਗ ਕਿਉਂ ਜ਼ਰੂਰੀ ਹੈ

ਤਿੰਨ ਮਹੱਤਵਪੂਰਣ ਖੋਜ ਨਿਸ਼ਕਰਸ਼, ਡਿਸਲੈਕਸੀਆ ਦੇ ਜੋਖਮ ਲਈ ਸ਼ੁਰੂਆਤੀ ਸਕ੍ਰੀਨਿੰਗ ਦੀ ਹਿਮਾਇਤ ਕਰਦੇ ਹਨ:

- ਰੀਡਿੰਗ ਵਿਕਾਸ ਦੇ ਪੈਟਰਨ ਜਲਦੀ ਸਥਾਪਤ ਹੋ ਜਾਂਦੇ ਹਨ।
- ਸ਼ੁਰੂਆਤੀ ਪਛਾਣ ਅਤੇ ਦਖਲ ਦੁਆਰਾ, ਰੀਡਿੰਗ ਸਬੰਧੀ ਸਮੱਸਿਆਵਾਂ ਨੂੰ ਰੋਕਿਆ ਅਤੇ ਠੀਕ ਕੀਤਾ ਜਾ ਸਕਦਾ ਹੈ।
- ਤੀਬਰ ਦਖਲਾਂ ਦੇ ਬਿਨਾਂ, ਸੰਘਰਸ਼ ਕਰਨ ਵਾਲੇ ਪਾਠਕ "ਸਮਝ" ਨਹੀਂ ਪਾਉਂਦੇ ਅਤੇ ਅੱਗੇ ਉਹਨਾਂ ਨੂੰ ਅਕਾਦਮਿਕ ਅਸਫਲਤਾ ਦਾ ਜੋਖਮ ਹੋ ਸਕਦਾ ਹੈ।

ਹੋਰ ਜਾਣਕਾਰੀ ਲਈ ਡਿਸਲੈਕਸੀਆ ਲਈ ਸਕ੍ਰੀਨਿੰਗ (Screening for Dyslexia) ਦੇਖੋ।

# ਡਿਸਲੈਕਸੀਆ ਬਾਰੇ

ਡਿਸਲੈਕਸੀਆ ਹੈ:

- ਅਕਸਰ-ਆਨੁਵੰਸ਼ਿਕ ਨਿਊਰੋਲੋਜੀਕਲ ਅੰਤਰ, ਜੋ ਭਾਸ਼ਾ ਦੇ ਫੋਨੋਲੋਜੀਕਲ (ਧੁਨੀ) ਪੱਖ ਦੀ ਪ੍ਰਕਿਰਿਆ ਵਿੱਚ ਵਿਗਾੜ ਪਾਉਂਦਾ ਹੈ, ਖ਼ਾਸ ਕਰਕੇ ਸ਼ਬਦਾਂ ਵਿੱਚ ਵੱਖ-ਵੱਖ ਧੁਨੀਆਂ ਨੂੰ ਸਮਝਣ ਅਤੇ ਕੁਸ਼ਲਤਾ ਨਾਲ ਵਰਤੋਂ ਕਰਨ ਦੀ ਯੋਗਤਾ, ਜਿਸ ਨਾਲ ਸ਼ਬਦਾਵਲੀ ਵਿਕਾਸ, ਰੀਡਿੰਗ ਬੋਧ ਅਤੇ ਲਿਖਤ ਅਭਿਵਿਅਕਤੀ ਸਬੰਧੀ ਸਮੱਸਿਆਵਾਂ ਹੋ ਸਕਦੀਆਂ ਹਨ।
- ਇਸਦਾ ਵਰਣਨ ਰੀਡਿੰਗ ਅਤੇ ਸਪੈਲਿੰਗ ਵਿੱਚ ਚੁਣੌਤੀਆਂ ਨਾਲ ਕੀਤਾ ਜਾਂਦਾ ਹੈ, ਖਾਸ ਕਰਕੇ ਅੱਖਰਾਂ ਅਤੇ ਧੁਨੀਆਂ ਵਿਚਕਾਰ ਸਬੰਧਾਂ ਨਾਲ।
- ਇਹ ਸਮੁੱਚੀ ਸਮਝ ਜਾਂ ਸੰਵੇਦੀ ਸਮਰਥਤਾਵਾਂ ਨਾਲ ਸਬੰਧਤ ਨਹੀਂ ਹੈ।
- ਇਹ ਪ੍ਰੇਰਨਾ, ਰੁਚੀ ਦੀ ਘਾਟ, ਜਾਂ ਕਲਾਸਰੂਮ ਦੀ ਪ੍ਰਭਾਵਹੀਣ ਪੜ੍ਹਾਈ ਦੇ ਪ੍ਰਗਟਾਵੇ ਕਾਰਨ ਨਹੀਂ ਹੁੰਦੀ।

**ਵੀਡੀਓ: ਡਿਸਲੈਕਸੀਆ ਕੀ ਹੈ/Understood.org ਦੀ** Margie Gillis ਵੱਲੋਂ ਕੀਤਾ ਗਿਆ ਡਿਸਲੈਕਸੀਆ ਦਾ ਵਰਣਨ

# ਹੋਰ ਵਸੀਲੇ

- OSPI ਦਾ ਡਿਸਲੈਕਸੀਆ ਵੈਬਪੇਜ
- OSPI ਦਾ ਸਹਿਯੋਗਾਂ ਦਾ ਮਲਟੀਟੀਅਰ ਵਾਲੇ ਸਿਸਟਮ ਵੈਬਪੇਜ
- OSPI ਦਾ ਅਕਸਰ ਪੁੱਛੇ ਜਾਣ ਵਾਲੇ ਸਵਾਲ: ਸ਼ੁਰੂਆਤੀ ਸਾਖਰਤਾ ਸਕ੍ਰੀਨਿੰਗ
- OSPI ਦਾ ਅੰਗਰੇਜ਼ੀ ਭਾਸ਼ਾ ਕਲਾ ਬਿਹਤਰ ਪੱਧਤੀਆਂ ਦਾ ਮੈਨਯੂ
- ਸਾਖਰਤਾ ਸੋਧਣ ਦਾ ਰਾਸ਼ਟਰੀ ਕੇਂਦਰ: ਡਿਸਲੈਕਸੀਆ ਟੂਲਕਿੱਟ
- ਇੰਟਰਨੈਸ਼ਨਲ ਡਿਸਲੈਕਸੀਆ ਐਸੋਸੀਏਸ਼ਨ ਦੀ ਵਾਸ਼ਿੰਗਟਨ ਬ੍ਰਾਂਚ

# ਸਾਖਰਤਾ ਸਕ੍ਰੀਨਿੰਗ ਲਈ ਬਿਹਤਰ ਪੱਧਤੀਆਂ: ਸਿੱਖਿਅਕ

2021–22 ਸਕੂਲ ਸਾਲ ਤੋਂ ਸ਼ੁਰੂ ਕਰਦੇ ਹੋਏ, ਹਰੇਕ ਸਕੂਲ ਜ਼ਿਲ੍ਹਾ, ਗ੍ਰੇਡ K–2 ਦੇ ਵਿਦਿਆਰਥੀਆਂ ਦੀਆਂ ਸਾਖਰਤਾ ਕੁਸ਼ਲਤਾ(ਵਾਂ) ਵਿਕਾਸ ਲਈ ਸਕ੍ਰੀਨਿੰਗ ਕਰੇਗਾ, ਜੋ ਡਿਸਲੈਕਸੀਆ ਨਾਲ ਜੁੜੀਆਂ ਹੋ ਸਕਦੀਆਂ ਹਨ।

## ਕਿਸਦੀ ਸਕ੍ਰੀਨਿੰਗ ਕੀਤੀ ਜਾਂਦੀ ਹੈ

ਗ੍ਰੇਡਸ K–2 ਦੇ ਵਿਦਿਆਰਥੀਆਂ ਦੀ ਸਕ੍ਰੀਨਿੰਗ ਕੀਤੀ ਜਾਵੇਗੀ। ਅੰਗਰੇਜ਼ੀ ਸਿੱਖਿਅਕ ਆਪਣੀ ਠੋਸ/ਘਰੇਲੂ ਭਾਸ਼ਾ ਵਿੱਚ ਸਕ੍ਰੀਨਿੰਗ ਪ੍ਰਾਪਤ ਕਰਨਗੇ, ਜਦੋਂ ਵੀ ਸੰਭਵ ਹੋਵੇ।

## ਅਕਾਦਮਿਕ ਸਕ੍ਰੀਨਰਸ

ਅਕਾਦਮਿਕ ਸਕ੍ਰੀਨਰਸ, ਉਹਨਾਂ ਵਿਦਿਆਰਥੀਆਂ ਦੀ ਪਛਾਣ ਕਰਨ ਵਾਲੇ ਸਿੱਖਿਅਕਾਂ ਦੀ ਸਹਾਇਤਾ ਲਈ ਵਰਤੇ ਜਾਣ ਵਾਲੇ ਸੰਖਿਪਤ, ਭਰੋਸੇਯੋਗ ਅਤੇ ਵੈਧ ਮੁਲਾਂਕਣ ਹਨ, ਜੋ ਵਿਸ਼ੇਸ਼ ਅਕਾਦਮਿਕ ਮੁਸ਼ਕਲਾਂ ਦੇ ਜੋਖਮ ਤੇ ਹੋ ਸਕਦੇ ਹਨ.

ਅਕਾਦਮਿਕ ਸਕ੍ਰੀਨਿੰਗ ਟੂਲਸ ਹਨ:

- ਵੱਖਰੀਆਂ ਕੁਸ਼ਲਤਾਵਾਂ ਦੇ ਤੇਜ਼ ਅਤੇ ਟੀਚਾ ਅਧਾਰਤ ਮੁਲਾਂਕਣ।
- ਐਡਮਿਨਿਸਟ੍ਰੇਸ਼ਨ ਅਤੇ ਸਕੋਰਿੰਗ ਲਈ ਮਿਆਰੀ
- Washington ਦੇ ਵਿਦਿਆਰਥੀਆਂ ਲਈ ਸੱਭਿਆਚਾਰਕ ਅਤੇ ਭਾਸ਼ਾਈ ਤੌਰ ਤੇ ਪ੍ਰਤੀਉੱਤਰਦਾਈ

ਅਕਾਦਮਿਕ ਸਕ੍ਰੀਨਰ, ਡਿਸਲੈਕਸੀਆ ਦਾ ਨਿਦਾਨ ਕਰਨ ਲਈ ਟੂਲ ***ਨਹੀਂ*** ਹੈ।

## ਸਾਖਰਤਾ ਸਕ੍ਰੀਨਿੰਗਸ ਦਾ ਪ੍ਰਬੰਧ

- ਪੜ੍ਹਾਈ ਅਤੇ ਦਖਲ ਨੂੰ ਸਭ ਤੋਂ ਪ੍ਰਭਾਵੀ ਰੂਪ ਨਾਲ ਪ੍ਰਦਾਨ ਕਰਨ ਲਈ, ਸਕ੍ਰੀਨਿੰਗ ਟੂਲਸ ਦਾ ਪ੍ਰਬੰਧ, ਰਿਕਾਰਡ ਦੇ ਸਰਟੀਫਿਕੇਟਡ ਕਲਾਸਰੂਮ ਅਧਿਆਪਕ ਵੱਲੋਂ ਕੀਤਾ ਜਾਣਾ ਚਾਹੀਦਾ ਹੈ।
- ਇਹ ਯਕੀਨੀ ਬਣਾਉਣਾ ਸਥਾਨਕ ਸਿੱਖਿਆ ਏਜੰਸੀ (LEA) ਬਿਲਡਿੰਗ ਪ੍ਰਸ਼ਾਸਕ ਦੀ ਜ਼ਿੰਮੇਵਾਰੀ ਹੈ ਕਿ ਗ੍ਰੇਡ K–2 ਵਿੱਚ ਸਾਰੇ ਅਧਿਆਪਕ, ਜ਼ਿਲ੍ਹੇ ਦੇ ਚੁਣੇ ਗਏ ਸਕ੍ਰੀਨਰ ਦੀ ਪੇਸ਼ਾਵਰ ਸਿਖਲਾਈ ਵਿੱਚ ਸ਼ਾਮਲ ਹੋਣ ਅਤੇ ਪ੍ਰਕਾਸ਼ਕ ਦੀਆਂ ਸਿਫ਼ਾਰਿਸ਼ਾਂ ਦੇ ਮੁਤਾਬਕ ਸਕ੍ਰੀਨਿੰਗ ਟੂਲਸ ਦਾ ਪ੍ਰਬੰਧ ਕਰਨ ਵਿੱਚ ਸਿੱਖਿਅਤ ਹੋਣ।
- ਬਿਲਡਿੰਗ ਪ੍ਰਸ਼ਾਸਕਾਂ ਦੇ ਨਾਲ-ਨਾਲ LEA, ਨਵੇਂ ਸਿੱਖਿਅਕਾਂ ਅਤੇ ਸਟਾਫ਼ ਦੇ ਪਰਿਚੈ ਲਈ ਪੇਸ਼ਾਵਰ ਸਿਖਲਾਈ ਅਤੇ ਟ੍ਰੇਨਿੰਗ ਸ਼ੈਡਿਊਲ ਵਿਕਸਿਤ ਕਰੇਗੀ।

## ਸਕ੍ਰੀਨਿੰਗ ਪ੍ਰਕਿਰਿਆ

ਹਰੇਕ ਸਕੂਲ ਜ਼ਿਲ੍ਹੇ ਦੀ ਪ੍ਰਕਿਰਿਆ, ਉਹਨਾਂ ਵੱਲੋਂ ਚੁਣੇ ਜਾਣ ਵਾਲੇ ਸਕ੍ਰੀਨਿੰਗ ਟੂਲਸ ਦੇ ਪ੍ਰਤੀ ਪ੍ਰਕਾਸ਼ਕਾਂ ਦੀਆਂ ਸਿਫ਼ਾਰਿਸ਼ਾਂ ਦੇ ਆਧਾਰ ਤੇ ਵੱਖ-ਵੱਖ ਹੋਵੇਗੀ।

OSPI/Dyslexia Advisory Council ਨੇ K–2 ਤੋਂ ਹਰੇਕ ਗ੍ਰੇਡ ਵਿੱਚ ਸਾਖਰਤਾ ਕੁਸ਼ਲਤਾਵਾਂ ਲਈ ਸਿਫ਼ਾਰਿਸ਼ ਕੀਤੀ ਸਮਾਂ ਸੀਮਾ ਪ੍ਰਕਾਸ਼ਿਤ ਕੀਤੀ ਹੈ। ਇਹਨਾਂ ਸਿਫ਼ਾਰਿਸ਼ਾਂ ਵਿੱਚ ਸ਼ਾਮਲ ਹਨ:

- ਸਾਰੇ ਤਿੰਨ ਗ੍ਰੇਡ ਪੱਧਰਾਂ ਵਿੱਚ, ਹਰੇਕ ਸਾਲ ਫੋਨੋਲੋਜੀਕਲ ਸੁਚੇਤਤਾ, ਫੋਨੈਮਿਕ ਸੁਚੇਤਤਾ ਅਤੇ ਅੱਖਰ ਧੁਨੀ ਗਿਆਨ ਦਾ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ।
- ਜੋ ਵਿਦਿਆਰਥੀ ਸਾਲ ਦੇ ਵਿਚਾਲੇ ਦਾਖ਼ਲਾ ਲੈਂਦੇ ਹਨ, ਉਹਨਾਂ ਦੀ ਸਕ੍ਰੀਨਿੰਗ, ਅਗਲੀ ਸਕ੍ਰੀਨਿੰਗ ਤਾਰੀਖ ਨੂੰ ਉਹਨਾਂ ਦੇ ਸਾਥੀਆਂ ਨਾਲ ਕੀਤੀ ਜਾਣੀ ਚਾਹੀਦੀ ਹੈ।
- ਸਿਰਫ਼ ਇੱਕ ਵਾਰ ਰੈਪਿਡ ਆਟੋਮੈਟਿਕ ਨੇਮਿੰਗ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ, ਦਾਖ਼ਲੇ ਤੋਂ ਬਾਅਦ ਘੱਟੋ-ਘੱਟ ਚਾਰ ਹਫ਼ਤਿਆਂ ਵਿੱਚ।
- ਜੇਕਰ K–2 ਵਿੱਚ ਵਿਦਿਆਰਥੀ ਸ਼ੁਰੂਆਤੀ ਸਕ੍ਰੀਨਰ ਤੇ ਘਾਟ ਵਾਲਾ ਖੇਤਰ ਦਰਸਾਉਂਦਾ ਹੈ, ਤਾਂ ਤਰੱਕੀ ਦਾ ਨਿਰੀਖਣ ਕੀਤਾ ਜਾਣਾ ਚਾਹੀਦਾ ਹੈ।
- ਸਕ੍ਰੀਨਿੰਗ ਅਤੇ/ਜਾਂ ਤਰੱਕ ਨਿਰੀਖਣ ਤੋਂ ਬਾਅਦ, ਨਿਯਤ ਕੀਤਾ ਸਟਾਫ਼ ਦਾ ਵਿਅਕਤੀ ਡੇਟਾ ਇਕੱਤਰ ਕਰੇਗਾ ਅਤੇ ਸਕੂਲ ਦੀ ਸਹਿਯੋਗ ਟੀਮ ਨੂੰ ਸਕ੍ਰੀਨਿੰਗ ਰਿਪੋਰਟਾਂ ਵੰਡੇਗਾ।

- ਸਕੂਲ ਦੀ ਸਹਿਯੋਗ ਟੀਮ ਸਹਿਯੋਗ ਦੇ ਮਲਟੀ-ਟੀਅਰ ਵਾਲੇ ਸਿਸਟਮ ਦੁਆਰਾ ਦਖਲ ਨਿਰਧਾਰਤ ਕਰਨ ਲਈ ਰਿਪੋਰਟਾਂ ਦਾ ਵਿਸ਼ਲੇਸ਼ਣ ਕਰੇਗੀ।
- ਪਰਿਵਾਰਾਂ ਨੂੰ ਹਮੇਸ਼ਾ ਫੈਸਲੇ ਲੈਣ ਵਿੱਚ ਸ਼ਾਮਲ ਕੀਤਾ ਜਾਵੇਗਾ ਅਤੇ ਵਿਦਿਆਰਥੀ ਦੇ ਪ੍ਰਦਰਸ਼ਨ ਬਾਰੇ ਤਾਜ਼ਾ ਜਾਣਕਾਰੀ ਦਿੱਤੀ ਜਾਵੇਗੀ।
- ਜੇਕਰ ਵਿਦਿਆਰਥੀ ਟੀਅਰ ਵਾਲੇ ਦਖਲ ਪ੍ਰਾਪਤ ਕਰਨ ਦੇ ਬਾਅਦ ਵੀ ਡਿਸਲੈਕਸੀਆ ਦੇ ਅਨੁਕੂਲ ਕਮਜ਼ੋਰੀਆਂ ਦਰਸਾਉਣਾ ਜਾਰੀ ਰੱਖਦਾ ਹੈ, ਤਾਂ ਸਕੂਲ ਜ਼ਿਲ੍ਹੇ ਲਈ ਲਾਜ਼ਮੀ ਹੈ ਕਿ ਉਹ ਖ਼ਾਸ ਸਿਖਲਾਈ ਅਪਾਹਜਪੁਣੇ ਦੀ ਮੌਜੂਦਗੀ ਲਈ ਮੁਲਾਂਕਣ ਦੀ ਸਿਫ਼ਾਰਿਸ਼ ਕਰੇ।

## ਉਹ ਕੁਸ਼ਲਤਾਵਾਂ, ਜਿਹਨਾਂ ਦੀ ਸਕ੍ਰੀਨਿੰਗ ਹੋਣੀ ਚਾਹੀਦੀ ਹੈ

- ਫੋਨੈਮਿਕ ਸੁਚੇਤਤਾ: ਬੋਲੇ ਗਏ ਸ਼ਬਦਾਂ ਦੀਆਂ ਧੁਨੀਆਂ ਨੂੰ ਸੁਣਨ, ਪਛਾਣਨ, ਮਿਟਾਉਣ ਅਤੇ ਬਦਲਣ ਦੀ ਯੋਗਤਾ।
- ਫੋਨੋਲੋਜੀਕਲ ਸੁਚੇਤਤਾ: ਵਿਆਪਕ ਸਪੀਚ ਧੁਨੀਆਂ ਪਛਾਣਨ ਦੀ ਯੋਗਤਾ, ਜਿਵੇਂ ਤੁਕਬੰਦੀ, ਅਨੁਪ੍ਰਾਸ, ਵਾਕ ਵਿੱਚ ਸ਼ਬਦਾਂ ਦੀ ਸੰਖਿਆ ਅਤੇ ਸ਼ਬਦਾਂ ਦੇ ਅੰਦਰ ਉਚਾਰਖੰਡ।

  ਇਹਨਾਂ ਕੁਸ਼ਲਤਾਵਾਂ ਬਾਰੇ ਹੋਰ ਜਾਣਕਾਰੀ ਲਈ, Reading Rockets ਅਤੇ ਸਾਖਰਤਾ ਸੋਧਣ ਦਾ ਰਾਸ਼ਟਰੀਕੇਂਦਰ ਦੇਖੋ.
- ਅੱਖਰ ਧੁਨੀ ਗਿਆਨ: ਵਰਣਮਾਲਾ ਦੇ ਅੱਖਰਾਂ ਦੁਆਰਾ ਪ੍ਰਦਰਸ਼ਿਤ ਕੀਤੀਆਂ ਜਾਣ ਵਾਲੀਆਂ ਧੁਨੀਆਂ ਦਾ ਗਿਆਨ। (ਇਸ ਵਿੱਚ ਉਹਨਾਂ ਅੱਖਰਾਂ ਦੇ ਸੁਮੇਲ ਸ਼ਾਮਲ ਹਨ, ਜੋ ਸਪੀਚ ਸਬੰਧੀ ਧੁਨੀਆਂ ਪ੍ਰਦਰਸ਼ਿਤ ਕਰਦੇ ਹਨ।)

  ਇਹਨਾਂ ਕੁਸ਼ਲਤਾਵਾਂ ਬਾਰੇ ਹੋਰ ਜਾਣਕਾਰੀ ਲਈ, Reading Rockets ਅਤੇ National Center for Improving Literacyਦੇਖੋ.
- ਰੈਪਿਡ ਆਟੋਮੈਟਿਕ ਨੇਮਿੰਗ (RAN): ਕਈ ਤਰ੍ਹਾਂ ਦੀਆਂ ਜਾਣੂ ਵਸਤਾਂ ਨੂੰ ਜਲਦੀ ਨਾਲ ਉੱਚਾ ਬੋਲ ਕੇ ਦੱਸਣ ਦੀ ਯੋਗਤਾ। ਇਸ ਵਿੱਚ ਸ਼ਾਮਲ ਹੈ, ਅੱਖਰ, ਸੰਖਿਆਵਾਂ, ਰੰਗ ਅਤੇ ਕਲਾਸਰੂਮ ਵਿੱਚ ਮਿਲਣ ਵਾਲੀਆਂ ਚੀਜ਼ਾਂ।

  **ਕਿਰਪਾ ਕਰਕੇ ਧਿਆਨ ਦਿਓ ਕਿ ਹਾਲਾਂਕਿ RAN ਕੁਸ਼ਲਤਾਵਾਂ ਸੁਧਰ ਸਕਦੀਆਂ ਹਨ, ਉਹਨਾਂ ਨੂੰ ਪਹਿਲਾਂ ਤੋਂ ਸਿਖਾਇਆ ਜਾਂ ਸਹੀ ਨਹੀਂ ਕੀਤਾ ਜਾ ਸਕਦਾ।** RAN ਬਾਰੇ ਹੋਰ ਜਾਣਕਾਰੀ ਲਈ, Understood.org ਦੇਖੋ.

## ਡਿਸਲੈਕਸੀਆ ਬਾਰੇ

ਡਿਸਲੈਕਸੀਆ ਹੈ:

- ਅਕਸਰ-ਆਨੁਵੰਸ਼ਿਕ ਨਿਊਰੋਲੋਜੀਕਲ ਅੰਤਰ, ਜੋ ਸਪੀਚ ਧੁਨੀਆਂ ਦੀ ਪ੍ਰਕਿਰਿਆ ਨੂੰ ਮੁਸ਼ਕਲ ਬਣਾਉਂਦਾ ਹੈ, ਖਾਸ ਕਰਕੇ ਸ਼ਬਦਾਂ ਵਿੱਚ ਅਲਗ-ਅਲਗ ਧੁਨੀਆਂ ਨੂੰ ਸੁਣਨ, ਪ੍ਰਤੀਸਥਾਪਤ ਕਰਨ ਅਤੇ ਬਦਲਣ ਦੀ ਯੋਗਤਾ, ਜਿਸ ਨਾਲ ਸ਼ਬਦਾਵਲੀ ਵਿਕਾਸ, ਰੀਡਿੰਗ ਬੋਧ ਅਤੇ ਲਿਖਤ ਅਭਿਵਿਅਕਤੀ ਸਬੰਧੀ ਸਮੱਸਿਆਵਾਂ ਹੋ ਸਕਦੀਆਂ ਹਨ।
- ਇਸਦਾ ਵਰਣਨ ਰੀਡਿੰਗ ਅਤੇ ਸਪੈਲਿੰਗ ਵਿੱਚ ਚੁਣੌਤੀਆਂ ਨਾਲ ਕੀਤਾ ਜਾਂਦਾ ਹੈ, ਖਾਸ ਕਰਕੇ ਅੱਖਰਾਂ ਅਤੇ ਧੁਨੀਆਂ ਵਿਚਕਾਰ ਸਬੰਧਾਂ ਨਾਲ।
- ਇਹ ਸਮੁੱਚੀ ਸਮਝ ਜਾਂ ਸੰਵੇਦੀ ਸਮਰਥਤਾਵਾਂ ਨਾਲ ਸਬੰਧਤ ਨਹੀਂ ਹੈ।
- ਇਹ ਪ੍ਰੇਰਨਾ, ਰੁਚੀ ਦੀ ਘਾਟ, ਜਾਂ ਕਲਾਸਰੂਮ ਦੀ ਪ੍ਰਭਾਵਹੀਣ ਪੜ੍ਹਾਈ ਦੇ ਪ੍ਰਗਟਾਵੇ ਕਾਰਨ ਨਹੀਂ ਹੁੰਦੀ।

**ਵੀਡੀਓ: ਡਿਸਲੈਕਸੀਆ ਕੀ ਹੈ/Understood.org ਦੀ** Margie Gillis ਵੱਲੋਂ ਕੀਤਾ ਗਿਆ ਡਿਸਲੈਕਸੀਆ ਦਾ ਵਰਣਨ

## ਤੱਥ ਪੱਤਰ

- ਡਿਸਲੈਕਸੀਆ ਤੱਥ ਪੱਤਰ
- ਡਿਸਲੈਕਸੀਆ ਨੂੰ ਪਰਿਭਾਸ਼ਿਤ ਕਰਨਾ
- ORBIDA ਡਿਸਲੈਕਸੀਆ ਤੱਥ ਪੱਤਰ
- Understood ਤੱਥ ਪੱਤਰ

## ਹੋਰ ਵਸੀਲੇ

- OSPI ਦਾ ਡਿਸਲੈਕਸੀਆ ਵੈਬਪੇਜ
- OSPI ਦਾ MTSS ਵੈਬਪੇਜ
- OSPI ਦਾ ਬਿਹਤਰ ਪੱਧਤੀਆਂ ਦਾ ਅੰਗਰੇਜ਼ੀ ਭਾਸ਼ਾ ਕਲਾ ਮੈਨਯੂ
- ਸਾਖਰਤਾ ਸੋਧਣ ਦਾ ਰਾਸ਼ਟਰੀ ਕੇਂਦਰ: ਡਿਸਲੈਕਸੀਆ ਟੂਲਕਿੱਟ
- ਇੰਟਰਨੈਸ਼ਨਲ ਡਿਸਲੈਕਸੀਆ ਐਸੋਸੀਏਸ਼ਨ ਦੀ ਵਾਸ਼ਿੰਗਟਨ ਬ੍ਰਾਂਚ
- Reading Rockets

# ਸਾਖਰਤਾ ਸਕ੍ਰੀਨਿੰਗਨੂੰ ਸਮਝਣਾ: ਮਾਪੇ ਅਤੇ ਪਰਿਵਾਰ

2021–22 ਸਕੂਲ ਸਾਲ ਤੋਂ ਸ਼ੁਰੂ ਕਰਦੇ ਹੋਏ, ਹਰੇਕ ਸਕੂਲ ਜ਼ਿਲ੍ਹਾ, ਗ੍ਰੇਡ K–2 ਦੇ ਵਿਦਿਆਰਥੀਆਂ ਦੀਆਂ ਸਾਖਰਤਾ ਕੁਸ਼ਲਤਾ(ਵਾਂ) ਵਿਕਾਸ ਲਈ ਸਕ੍ਰੀਨਿੰਗ ਕਰੇਗਾ, ਜੋ ਡਿਸਲੈਕਸੀਆ ਨਾਲ ਜੁੜੀਆਂ ਹੋ ਸਕਦੀਆਂ ਹਨ।

## ਸਾਖਰਤਾ ਸਕ੍ਰੀਨਰਸ ਬਾਰੇ

ਅਕਾਦਮਿਕ ਸਕ੍ਰੀਨਰ ਹੈ:

- ਸੰਖਿਪਤ, ਗ਼ੈਰ ਰਸਮੀ ਟੈਸਟ, ਜੋ ਇਹ ਨਿਰਧਾਰਤ ਕਰਨ ਲਈ ਸਾਰੇ ਵਿਦਿਆਰਥੀਆਂ ਦਾ ਕੀਤਾ ਜਾਂਦਾ ਹੈ ਕਿ ਹੋਰ ਟੈਸਟਿੰਗ ਲੋੜੀਂਦੀ ਹੈ ਜਾਂ ਨਹੀਂ।
- ਸਿਖਲਾਈ ਸਬੰਧੀ ਮੁਸ਼ਕਲਾਂ ਲਈ ਰਸਮੀ ਮੁਲਾਂਕਣ ਨਹੀਂ ਹੈ।

## ਬੱਚਿਆਂ ਦੀ ਸਕ੍ਰੀਨਿੰਗ ਕਿਉਂ ਕੀਤੀ ਜਾਂਦੀ ਹੈ

- ਰੀਡਿੰਗ ਸਬੰਧੀ ਸਮੱਸਿਆਵਾਂ ਦਾ ਪਤਾ ਲਗਾਉਣ ਲਈ ਸ਼ੁਰੂਆਤੀ ਅਤੇ ਤੀਬਰ ਦਖਲ, ਸ਼ੁਰੂਆਤੀ ਸਮੱਸਿਆਵਾਂ ਨੂੰ ਸਮਾਂ ਬੀਤਣ ਤੇ ਹੋਰ ਗੰਭੀਰ ਹੋਣ ਤੋਂ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਹੈ।
- ਸ਼ੁਰੂਆਤੀ ਪਛਾਣ ਅਤੇ ਸ਼ੁਰੂਆਤੀ ਦਖਲ ਦੇ ਨਾਲ, ਡਿਸਲੈਕਸੀਆ ਸਮੇਤ, ਰੀਡਿੰਗ ਸਬੰਧੀ ਸਮੱਸਿਆਵਾਂ ਦੇ ਜੋਖਮ ਤੇ ਹੋਣ ਵਾਲੇ ਵਿਦਿਆਰਥੀ ਸਕੂਲ ਵਿੱਚ ਸਫਲ ਹੋ ਸਕਦੇ ਹਨ ਅਤੇ ਗ੍ਰੈਜੂਏਟ, ਕਾਲੇਜ, ਕੈਰੀਅਰ ਅਤੇ ਨਾਗਰਿਕ ਜੀਵਨ ਲਈ ਤਿਆਰ ਹੋ ਸਕਦੇ ਹਨ।

## ਸਕ੍ਰੀਨਿੰਗ ਦਾ ਪ੍ਰਬੰਧ

- ਵਿਦਿਆਰਥੀਆਂ ਦੀ ਸਕ੍ਰੀਨਿੰਗ ਉਹਨਾਂ ਦੇ ਕਲਾਸਰੂਮ ਅਧਿਆਪਕਾਂ ਵੱਲੋਂ ਕੀਤੀ ਜਾਣੀ ਚਾਹੀਦੀ ਹੈ। ਬੱਚੇ ਉਦੋਂ ਆਪਣਾ ਸਭ ਤੋਂ ਵਧੀਆ ਕੰਮ ਕਰਦੇ ਹਨ, ਜਦੋਂ ਉਹ ਜਾਣ-ਪਛਾਣ ਵਾਲੇ ਬਾਲਗਾਂ ਨਾਲ ਸਹਿਜ ਹੁੰਦੇ ਹਨ ਅਤੇ ਸੁਰੱਖਿਅਤ ਮਹਿਸੂਸ ਕਰਦੇ ਹਨ।
- ਜੋ ਜਾਣਕਾਰੀ ਅਧਿਆਪਕਾਂ ਨੂੰ ਸਕ੍ਰੀਨਿੰਗ ਦੁਆਰਾ ਮਿਲਦੀ ਹੈ, ਉਹ ਪੜ੍ਹਾਈ ਦੀ ਯੋਜਨਾ ਬਣਾਉਣ ਅਤੇ ਇਹ ਨਿਰਧਾਰਤ ਕਰਨ ਵਿੱਚ ਉਹਨਾਂ ਦੀ ਮਦਦ ਕਰੇਗੀ ਕਿ ਵਾਧੂ ਮਦਦ ਦੀ ਲੋੜ ਕਦੋਂ ਹੁੰਦੀ ਹੈ।

## ਕੁਸ਼ਲਤਾਵਾਂ, ਜਿਹਨਾਂ ਦੀ ਸਕ੍ਰੀਨਿੰਗ ਕੀਤੀ ਜਾਵੇਗੀ

- ਫੋਨੈਮਿਕ ਸੁਚੇਤਤਾ: ਬੋਲੇ ਗਏ ਸ਼ਬਦਾਂ ਦੀਆਂ ਧੁਨੀਆਂ ਨੂੰ ਸੁਣਨ, ਪਛਾਣਨ, ਇੱਧਰ-ਉੱਧਰ ਕਰਨ ਅਤੇ ਸਭ ਤੋਂ ਛੋਟੀਆਂ ਯੂਨਿਟਾਂ ਨੂੰ ਬਦਲਣ ਦੀ ਯੋਗਤਾ
- ਫੋਨੋਲੋਜੀਕਲ ਸੁਚੇਤਤਾ: ਸਪੀਚ ਧੁਨੀਆਂ ਦਾ ਗਿਆਨ, ਜਿਵੇਂ ਤੁਕਬੰਦੀ, ਅਨੁਪ੍ਰਾਸ (ਉਹ ਸ਼ਬਦ, ਜੋ ਇੱਕੋ ਧੁਨੀ ਨਾਲ ਸ਼ੁਰੂ ਹੁੰਦੇ ਹਨ), ਵਾਕ ਵਿੱਚ ਸ਼ਬਦਾਂ ਦੀ ਸੰਖਿਆ ਅਤੇ ਸ਼ਬਦਾਂ ਦੇ ਅੰਦਰ ਉਚਾਰਖੰਡ
- ਅੱਖਰ ਧੁਨੀ ਗਿਆਨ: ਵਰਣਮਾਲਾ ਦੇ ਅੱਖਰਾਂ ਦੁਆਰਾ ਪ੍ਰਦਰਸ਼ਿਤ ਕੀਤੀਆਂ ਜਾਣ ਵਾਲੀਆਂ ਧੁਨੀਆਂ। ਇਸ ਵਿੱਚ ਉਹਨਾਂ ਅੱਖਰਾਂ ਦੇ ਸੁਮੇਲ ਸ਼ਾਮਲ ਹਨ, ਜੋ ਸਪੀਚ ਸਬੰਧੀ ਧੁਨੀਆਂ ਪ੍ਰਦਰਸ਼ਿਤ ਕਰਦੇ ਹਨ।
- ਰੈਪਿਡ ਆਟੋਮੈਟਿਕ ਨੇਮਿੰਗ: ਕਈ ਤਰ੍ਹਾਂ ਦੀਆਂ ਜਾਣੂ ਵਸਤਾਂ ਨੂੰ ਜਲਦੀ ਨਾਲ ਉੱਚਾ ਬੋਲ ਕੇ ਦੱਸਣ ਦੀ ਯੋਗਤਾ। ਇਸ ਵਿੱਚ ਸ਼ਾਮਲ ਹੈ, ਅੱਖਰ, ਸੰਖਿਆਵਾਂ, ਰੰਗ ਅਤੇ ਕਲਾਸਰੂਮ ਵਿੱਚ ਮਿਲਣ ਵਾਲੀਆਂ ਚੀਜ਼ਾਂ।

## ਸਕ੍ਰੀਨਿੰਗ ਪ੍ਰਕਿਰਿਆ

ਹਰੇਕ ਸਕੂਲ ਜ਼ਿਲ੍ਹਾ ਆਪਣੇ ਖੁਦ ਦੇ ਅਕਾਦਮਿਕ ਸਕ੍ਰੀਨਰਸ ਚੁਣੇਗਾ ਅਤੇ ਆਪਣੀਆਂ ਖੁਦ ਦੀਆਂ ਸਮਾਂ ਸੀਮਾਵਾਂ ਗ੍ਰਹਿਣ ਕਰੇਗਾ। ਪਬਲਿਕ ਇੰਸਟ੍ਰਕਸ਼ਨ ਸੁਪਰਡੈਂਟ ਦਾ ਦਫ਼ਤਰ (OSPI) ਅਤੇ Dyslexia Advisory Council, ਅਕਾਦਮਿਕ ਸਕ੍ਰੀਨਿੰਗ ਦੇ ਹੇਠਾਂ ਲਿਖੇ ਪ੍ਰਬੰਧ ਦੀ ਸਿਫ਼ਾਰਿਸ਼ ਕਰਦੇ ਹਨ :

- ਸਕੂਲ ਨੂੰ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਵਿਦਿਆਰਥੀਆਂ ਦੀ ਫੋਨੋਲੋਜੀਕਲ ਸੁਚੇਤਤਾ, ਫੋਨੈਮਿਕ ਸੁਚੇਤਤਾ, ਅੱਖਰ ਧੁਨੀ ਗਿਆਨ ਦੀ ਸਕ੍ਰੀਨਿੰਗ ਕਰਨੀ ਚਾਹੀਦੀ ਹੈ।
    - ਕਿੰਡਰਗਾਰਟਨ: ਜਨਵਰੀ
    - ਪਹਿਲਾ ਅਤੇ ਦੂਜਾ ਗ੍ਰੇਡ: ਪਤਝੜ
- ਜੋ ਵਿਦਿਆਰਥੀ ਸਾਲ ਦੇ ਵਿਚਾਲੇ ਦਾਖ਼ਲਾ ਲੈਂਦੇ ਹਨ, ਉਹਨਾਂ ਦੀ ਸਕ੍ਰੀਨਿੰਗ, ਅਗਲੀ ਸਕ੍ਰੀਨਿੰਗ ਤਾਰੀਖ ਨੂੰ ਉਹਨਾਂ ਦੇ ਸਾਥੀਆਂ ਨਾਲ ਕੀਤੀ ਜਾਣੀ ਚਾਹੀਦੀ ਹੈ।
- ਸਕੂਲਾਂ ਨੂੰ ਸਿਰਫ਼ ਇੱਕ ਵਾਰ, ਵਿਦਿਆਰਥੀਆਂ ਦੀ ਰੈਪਿਡ ਆਟੋਮੈਟਿਕ ਨੇਮਿੰਗ ਦੀ ਸਕ੍ਰੀਨਿੰਗ ਕਰਨੀ ਚਾਹੀਦੀ ਹੈ।
- ਜੋ ਵਿਦਿਆਰਥੀ ਸ਼ੁਰੂਆਤੀ ਸਕ੍ਰੀਨਰ ਤੇ ਘਾਟ ਵਾਲੇ ਖੇਤਰ ਦਰਸਾਉਂਦੇ ਹਨ, ਉਹ ਵਾਧੂ ਦਖਲ ਪ੍ਰਾਪਤ ਕਰਨਗੇ ਅਤੇ ਉਹਨਾਂ ਦੀ ਤਰੱਕੀ ਦਾ ਨਿਰੀਖਣ ਕੀਤਾ ਜਾਵੇਗਾ।
- ਸਕ੍ਰੀਨਰ ਦਾ ਪ੍ਰਬੰਧ ਕਰਨ ਵਾਲੇ ਅਧਿਆਪਕਾਂ ਨੂੰ, ਪ੍ਰਕਾਸ਼ਕ ਦੀਆਂ ਸਿਫ਼ਾਰਿਸ਼ਾਂ ਦੇ ਮੁਤਾਬਕ ਸਕ੍ਰੀਨਿੰਗ ਟੂਲਸ ਵਰਤਣ ਦੀ ਟ੍ਰੇਨਿੰਗ ਦਿੱਤੀ ਜਾਵੇਗੀ।
- ਪਰਿਵਾਰਾਂ ਨੂੰ ਫੈਸਲੇ ਲੈਣ ਵਿੱਚ ਸ਼ਾਮਲ ਕੀਤਾ ਜਾਵੇਗਾ ਅਤੇ ਵਿਦਿਆਰਥੀ ਦੇ ਪ੍ਰਦਰਸ਼ਨ ਬਾਰੇ ਤਾਜ਼ਾ ਜਾਣਕਾਰੀ ਦਿੱਤੀ ਜਾਵੇਗੀ।

## ਡਿਸਲੈਕਸੀਆ ਬਾਰੇ

ਡਿਸਲੈਕਸੀਆ ਹੈ:

- ਇੱਕ ਅੰਤਰ, ਜੋ ਸਪੀਚ ਧੁਨੀਆਂ ਦੀ ਪ੍ਰਕਿਰਿਆ ਕਰਨ ਨੂੰ ਮੁਸ਼ਕਲ ਬਣਾਉਂਦਾ ਹੈ, ਖਾਸ ਕਰਕੇ ਸ਼ਬਦਾਂ ਵਿੱਚ ਅਲਗ-ਅਲਗ ਧੁਨੀਆਂ ਨੂੰ ਸੁਣਨ, ਪ੍ਰਤੀਸਥਾਪਤ ਕਰਨ ਅਤੇ ਬਦਲਣ ਦੀ ਯੋਗਤਾ।
- ਇਸਦਾ ਵਰਣਨ ਰੀਡਿੰਗ ਅਤੇ ਸਪੈਲਿੰਗ ਵਿੱਚ ਚੁਣੌਤੀਆਂ ਨਾਲ ਕੀਤਾ ਜਾਂਦਾ ਹੈ, ਖਾਸ ਕਰਕੇ ਅੱਖਰਾਂ ਅਤੇ ਧੁਨੀਆਂ ਵਿਚਕਾਰ ਸਬੰਧਾਂ ਨਾਲ।
- ਇਸ ਨਾਲ ਸ਼ਬਦਾਵਲੀ ਸਿੱਖਣ ਅਤੇ ਯਾਦ ਕਰਨ, ਇਹ ਸਮਝਣ ਵਿੱਚ ਕਿ ਕੀ ਪੜ੍ਹਿਆ ਜਾ ਰਿਹਾ ਹੈ, ਕਾਗਜ਼ ਤੇ ਵਿਚਾਰ ਪ੍ਰਾਪਤ ਕਰਨ ਵਿੱਚ ਸਮੱਸਿਆਵਾਂ ਹੋਣ ਦੀ ਸੰਭਾਵਨਾ ਹੁੰਦੀ ਹੈ।
- ਇਹ ਸਮੁੱਚੀ ਸਮਝ ਨਾਲ ਸਬੰਧਤ ਨਹੀਂ ਹੈ।
- ਇਹ ਵਿਜੁਅਲ ਸਮੱਸਿਆ ਨਹੀਂ ਹੈ, ਜਾਂ ਇਹ ਪ੍ਰੇਰਨਾ, ਰੁਚੀ ਦੀ ਘਾਟ, ਸੰਪੰਨ ਸਾਹਿਤ, ਜਾਂ ਕਲਾਸਰੂਮ ਦੀ ਪ੍ਰਭਾਵਹੀਣ ਪੜ੍ਹਾਈ ਦੇ ਪ੍ਰਗਟਾਵੇ ਕਾਰਨ ਨਹੀਂ ਹੁੰਦੀ।

**ਵੀਡੀਓ: ਡਿਸਲੈਕਸੀਆ ਕੀ ਹੈ/Understood.org ਦੀ** Margie Gillis ਵੱਲੋਂ ਕੀਤਾ ਗਿਆ ਡਿਸਲੈਕਸੀਆ ਦਾ ਵਰਣਨ

## ਹੋਰ ਜਾਣੋ

ਤੁਹਾਡੇ ਬੱਚੇ ਦਾ ਅਧਿਆਪਕ, ਤੁਹਾਡੇ ਸਕੂਲ ਵਿਖੇ ਵਰਤੇ ਜਾਣ ਵਾਲੇ ਸਕ੍ਰੀਨਿੰਗ ਟੂਲਸ ਬਾਰੇ ਸਵਾਲਾਂ ਦੇ ਜਵਾਬ ਦੇ ਸਕਦਾ ਹੈ।
ਹੇਠਾਂ ਡਿਸਲੈਕਸੀਆ (ਪੜ੍ਹਨ ਅਤੇ ਲਿਖਣ ਸਬੰਧੀ ਆਮ ਅਪਾਹਜਪੁਣਾ) ਅਤੇ ਸਿਖਲਾਈ ਸਬੰਧੀ ਹੋਰ ਅਪਾਹਜਪੁਣੇ ਬਾਰੇ ਸਹਾਇਕ ਵੈਬਸਾਈਟਾਂ ਦੇ ਲਿੰਕ ਦਿੱਤੇ ਗਏ ਹਨ:

- ਸਾਖਰਤਾ ਸੋਧਣ ਦਾ ਰਾਸ਼ਟਰੀ ਕੇਂਦਰ: ਡਿਸਲੈਕਸੀਆ ਟੂਲਕਿੱਟ
- ਇੰਟਰਨੈਸ਼ਨਲ ਡਿਸਲੈਕਸੀਆ ਐਸੋਸੀਏਸ਼ਨ ਦੀ ਵਾਸ਼ਿੰਗਟਨ ਬ੍ਰਾਂਚ
- Understood.org
- LDOnline
- OSPI ਡਿਸਲੈਕਸੀਆ ਪੰਨਾ

# ਕਨੂੰਨੀ ਨੋਟਿਸ

*ਜਿੱਥੇ ਹੋਰ ਤਰ੍ਹਾਂ ਨੋਟ ਕੀਤਾ ਗਿਆ ਹੋਵੇ, ਉਸਨੂੰ ਛੱਡ ਕੇ, ਇਹ ਕੰਮ ਪਬਲਿਕ ਇੰਸਟ੍ਰਕਸ਼ਨ ਸੁਪਰਡੈਂਟ ਦੇ ਦਫ਼ਤਰ ਵੱਲੋਂ a Creative Commons ਐਟੀਬਿਓਸ਼ਨ ਲਾਇਸੈਂਸ ਦੇ ਅਧੀਨ ਲਾਇਸੈਂਸਸ਼ੁਦਾ ਹੈ।*

*ਵਰਤੋਂਕਾਰ ਇਜਾਜ਼ਤ ਦੇ ਵੱਖ-ਵੱਖ ਪੱਧਰਾਂ ਵਾਲੇ ਵਿਕਲਪਿਕ ਸਮੱਗਰੀ ਲਾਇਸੈਂਸ, ਸਮੱਗਰੀਆਂ ਦੀ ਖ਼ਾਸ ਸਮੱਗਰੀ ਦੇ ਨਾਲ ਸਪਸ਼ਟ ਰੂਪ ਨਾਲ ਸੂਚਿਤ ਕੀਤੇ ਗਏ ਹਨ।*

*ਇਸ ਵਸੀਲੇ ਵਿੱਚ ਤੀਜੀਆਂ ਧਿਰਾਂ ਵੱਲੋਂ ਸੰਚਾਲਤ ਵੈਬਸਾਈਟਾਂ ਦੇ ਲਿੰਕ ਸ਼ਾਮਲ ਹੋ ਸਕਦੇ ਹਨ। ਇਹ ਲਿੰਕ ਸਿਰਫ਼ ਤੁਹਾਡੀ ਸਹੂਲਤ ਲਈ ਪ੍ਰਦਾਨ ਕੀਤੇ ਗਏ ਹਨ ਅਤੇ OSPI ਵੱਲੋਂ ਕਿਸੇ ਵੀ ਪਿਠਾਂਕਣ ਜਾਂ ਨਿਰੀਖਣ ਨੂੰ ਸਥਾਪਤ ਜਾਂ ਲਾਗੂ ਨਹੀਂ ਕਰਦੇ।*

*ਜੇਕਰ ਇਹ ਕੰਮ ਗ੍ਰਹਿਣ ਕੀਤਾ ਗਿਆ ਹੈ, ਤਾਂ ਪਬਲਿਕ ਇੰਸਟ੍ਰਕਸ਼ਨ ਸੁਪਰਡੈਂਟ ਦੇ ਕਿਸੇ ਵੀ Washington ਦਫ਼ਤਰ ਨੂੰ ਹਟਾਉਂਦੇ ਹੋਏ, ਅਸਲੀ ਤਬਦੀਲੀਆਂ ਨੋਟ ਕਰੋ ਅਤੇ ਸਿਰਲੇਖ ਦਾ ਨਾਮ ਦੁਬਾਰਾ ਦਿਓ। ਹੇਠਾਂ ਲਿਖੀ ਐਟ੍ਰੀਬਿਊਸ਼ਨ ਪ੍ਰਦਾਨ ਕਰੋ:*

*"ਇਹ ਵਸੀਲਾ, ਪਬਲਿਕ ਇੰਸਟ੍ਰਕਸ਼ਨ ਸੁਪਰਡੈਂਟ ਦੇ ਦਫ਼ਤਰ ਵੱਲੋਂ ਪ੍ਰਦਾਨ ਕੀਤੀ ਗਈ ਮੂਲ ਸਮੱਗਰੀ ਤੋਂ ਗ੍ਰਹਿਣ ਕੀਤਾ ਗਿਆ ਸੀ। ਮੂਲ ਸਮੱਗਰੀ ਤੇ OSPI ਦੇ ਡਿਸਲੈਕਸੀਆ ਵੈਬਪੇਜ ਤੇ ਪਹੁੰਚਿਆ ਜਾ ਸਕਦਾ ਹੈ.*

*ਕਿਰਪਾ ਕਰਕੇ ਯਕੀਨੀ ਬਣਾਓ ਕਿ ਇਸ ਪ੍ਰਕਾਸ਼ਨ ਦੇ ਸਾਰੇ ਤੱਤਾਂ ਨੂੰ ਵਰਤਣ ਦੀ ਇਜਾਜ਼ਤ ਲੈ ਲਈ ਗਈ ਹੈ (ਚਿੱਤਰ, ਚਾਰਟ, ਟੈਕਸਟ ਆਦਿ), ਜੋ OSPI ਸਟਾਫ਼, ਗਾਰੰਟੀਜ ਜਾਂ ਕਾਂਟਰੈਕਟਰਾਂ ਵੱਲੋਂ ਤਿਆਰ ਨਹੀਂ ਕੀਤੇ ਗਏ ਹਨ। ਇਹ ਇਜਾਜ਼ਤ ਕਾਪੀਰਾਈਟ ਧਾਰਕ ਦੁਆਰਾ ਨਿਰਦਿਸ਼ਟ ਢੰਗ ਨਾਲ ਇੱਕ ਐਟ੍ਰੀਬਿਊਸ਼ਨ ਬਿਆਨ ਵਜੋਂ ਪ੍ਰਦਰਸ਼ਿਤ ਹੋਣੀ ਚਾਹੀਦੀ ਹੈ। ਇਹ ਸਪੱਸ਼ਟ ਕੀਤਾ ਜਾਣਾ ਚਾਹੀਦਾ ਹੈ ਕਿ ਇਹ ਤੱਤ OSPI ਓਪਨ ਲਾਇਸੈਂਸ ਦੇ ਅਪਵਾਦਾਂ "ਸਿਵਾਏ ਕਿ ਜਿਥੇ ਕਿਤੇ ਦੱਸਿਆ ਹੋਵੇ" ਵਿੱਚੋਂ ਇੱਕ ਹੈ।*

*ਵਾਧੂ ਜਾਣਕਾਰੀ ਲਈ, ਕਿਰਪਾ ਕਰਕੇ OSPI ਇੰਟਰਐਕਟਿਵ ਕਾਪੀਰਾਈਟ ਅਤੇ ਲਾਇਸੈਂਸਿੰਗ ਗਾਈਡ ਤੇ ਜਾਓ.*

*OSPI, ਲਿੰਗ, ਜਾਤੀ, ਫਿਰਕਾ, ਧਰਮ, ਰੰਗ, ਕੌਮੀ ਮੂਲ, ਉਮਰ, ਆਦਰ ਸਹਿਤ ਸੇਵਾ-ਨਿਵ੍ਰਤ ਫੌਜੀ ਜਾਂ ਫੌਜ ਦੇ ਦਰਜੇ, ਲਿੰਗੀ-ਪ੍ਰਗਟਾਵੇ ਜਾਂ ਪਛਾਣ ਸਮੇਤ ਜਿਨਸੀ-ਝੁਕਾਵ, ਕਿਸੇ ਸੰਵੇਦੀ, ਮਾਨਸਿਕ ਜਾਂ ਸਰੀਰਿਕ ਅਪਾਹਜਤਾ, ਜਾਂ ਅਪਾਹਜ ਵਿਅਕਤੀ ਦੁਆਰਾ ਸਿਖਲਾਈ ਪ੍ਰਾਪਤ ਕੁੱਤੇ ਨੂੰ ਗਾਈਡ ਜਾਂ ਸੇਵਾ ਜਾਨਵਰ ਦੇ ਤੌਰ ਤੇ ਵਰਤੋਂ ਕਰਨ ਦੇ ਅਧਾਰ ਤੇ ਭੇਦਭਾਵ ਕੀਤੇ ਬਗੈਰ ਸਾਰਿਆਂ ਨੂੰ ਸਾਰੇ ਪ੍ਰੋਗਰਾਮਾਂ ਅਤੇ ਸੇਵਾਵਾਂ ਤੱਕ ਬਰਾਬਰ ਪਹੁੰਚ ਪ੍ਰਦਾਨ ਕਰਦਾ ਹੈ। ਕਥਿਤ ਪੱਖਪਾਤ ਬਾਰੇ ਸਵਾਲ ਅਤੇ ਸ਼ਿਕਾਇਤਾਂ ਇਕਵਿਟੀ ਐਂਡ ਸਿਵਿਲ ਰਾਈਟਸ ਡਾਇਰੈਕਟਰ ਨੂੰ (360-725-6162) 725-6162 ਜਾਂ Box 47200 Olympia, WA 98504-7200 ਤੇ ਭੇਜੀਆਂ ਜਾਣੀਆਂ ਚਾਹੀਦੀਆਂ ਹਨ।*

*OSPI ਦੇ ਡਿਸਲੈਕਸੀਆ ਵੈਬਪੇਜ (https://www.k12.wa.us/about-ospi/workgroups-committees/currently-meeting-workgroups/washington-state-dyslexia-advisory-council/about-dyslexia) ਤੇ PDF ਵਿੱਚ ਇਹ ਸਮੱਗਰੀ ਡਾਊਨਲੋਡ ਕਰੋ। ਇਹ ਸਮੱਗਰੀ ਮੰਗ ਦੇ ਅਨੁਸਾਰ ਵਿਕਲਪਿਕ ਫੌਰਮੈਟ ਵਿੱਚ ਉਪਲਬਧ ਹੈ। ਰਿਸੋਰਸ ਸੈਂਟਰ ਨੂੰ 888-595-3276, TTY 360-664-3631 ਤੇ ਸੰਪਰਕ ਕਰੋ। ਜਲਦੀ ਸੇਵਾ ਲਈ ਕਿਰਪਾ ਕਰਕੇ ਇਸ ਦਸਤਾਵੇਜ਼ ਨੰਬਰ ਨੂੰ ਦੇਖੋ: 20-0029.*

ESTD 1889

*ਪੋਸਟ-ਸੈਕੰਡਰੀ ਮਾਰਗ, ਕੈਰੀਅਰ, ਅਤੇ ਨਾਗਰਿਕਤਾ ਸ਼ਮੂਲੀਅਤ ਲਈ ਤਿਆਰ ਸਾਰੇ ਵਿਦਿਆਰਥੀ।*

Washington Office of Superintendent of
**PUBLIC INSTRUCTION**

**Chris Reykdal** | State Superintendent
Office of Superintendent of Public Instruction
Old Capitol Building | P.O. Box 47200
Olympia, WA 98504-7200